# ਖ਼ੁਦਾ ਅਤੇ ਮਨੁੱਖ ਜਾਤੀ ਦਾ ਕਸ਼ਟ

## ਫ਼੍ਰੈਂਕ ਪੈਕ

ਬਾਈਬਲ ਦੇ ਖ਼ੁਦਾ ਵਿਚ ਵਿਸ਼ਵਾਸ ਹੋਣ ਵਾਲੇ ਹੋਣ ਕਰਕੇ, ਸਾਰੀ ਸਭ ਤੋਂ ਵੱਡੀ ਮੁਸ਼ਕਿਲ ਇਨਸਾਨੀ ਤਕਲੀਫ਼ਾਂ ਨੂੰ ਸਮਝਣ ਦੀ ਹੈ। ਜਿਸ ਖ਼ੁਦਾ ਨੂੰ ਬਾਈਬਲ ਐਨਾ ਭਲਾ ਅਤੇ ਪਿਆਰ ਕਰਨ ਵਾਲਾ ਵਿਖਾਉਣ ਦੇ ਨਾਲ-ਨਾਲ ਐਨਾ ਸ਼ਕਤੀਸ਼ਾਲੀ ਵਿਖਾਉਂਦੀ ਹੈ, ਉਹ ਦੁਨੀਆਂ ਵਿਚ ਆਪਣੇ ਪ੍ਰਾਣੀਆਂ ਉੱਤੇ ਤਕਲੀਫ਼ਾਂ ਕਿਵੇਂ ਆਉਣ ਦੇ ਸਕਦਾ ਹੈ? ਭਲਾ, ਖ਼ੁਦਾ ਨੂੰ ਸਚਮੁੱਚ ਉਨ੍ਹਾਂ ਦੀ ਫ਼ਿਕਰ ਹੈ? ਉਹ ਜੰਗ ਦਾ ਖ਼ੌਫ਼ ਕਿਉਂ ਹੋਣ ਦਿੰਦਾ ਹੈ? ਬੇਕਸੂਰ ਲੋਕਾਂ ਤੇ ਇੰਨੀ ਤਕਲੀਫ਼ ਕਿਉਂ ਆਉਂਦੀ ਹੈ? ਬੀਮਾਰੀ ਨਾਲ ਐਨੀ ਤਕਲੀਫ਼ ਕਿਉਂ ਆਉਂਦੀ ਹੈ? ਬਦਸੂਰਤ ਜਾਂ ਮੰਦ ਬੁੱਧੀ ਬੱਚਿਆਂ ਦਾ ਜਨਮ ਕਿਉਂ ਹੁੰਦਾ ਹੈ? ਇਹ ਅਤੇ ਅਜਿਹੇ ਹੋਰ ਕਈ ਸਵਾਲ ਹਨ ਜੋ ਕਲੀਸੀਆ ਦੇ ਬਾਹਰ ਦੇ ਹੀ ਨਹੀਂ, ਮਸੀਹੀ ਲੋਕ ਵੀ ਪੁੱਛਦੇ ਹਨ। ਇਹ ਮੁਸ਼ਕਿਲ ਐਨਾ ਖ਼ਤਰਨਾਕ ਰੂਪ ਲੈ ਸਕਦੀ ਹੈ ਜਿਸ ਨਾਲ ਕਈ ਲੋਕਾਂ ਦੇ ਵਿਸ਼ਵਾਸ ਮਨੁੱਖੀ ਤਕਲੀਫ਼ ਦੀਆਂ ਚਟਾਨਾਂ ਤੇ ਮਲਬੇ ਦੀ ਪਰਤ ਵਾਂਗ ਜੰਮੇ ਹਨ। ਹੋ ਸਕਦਾ ਹੈ ਕਿ ਅਸੀਂ ਇਸ ਮੁਸ਼ਕਿਲ ਦਾ ਢੁਕਵਾਂ ਹੱਲ ਨਾ ਲੱਭ ਸਕੀਏ, ਪਰ ਅਜਿਹਾ ਵੀ ਹੋ ਸਕਦਾ ਹੈ ਕਿ ਇਸ ਅਧਿਐਨ ਨਾਲ ਦੂਜੇ ਲੋਕਾਂ ਦੀ ਜਦੋਜਹਿਦ ਵਿਚ ਕਮੀ ਆ ਸਕੇ ਅਤੇ ਸਾਡੇ ਵਿੱਚੋਂ ਹਰ ਕਿਸੇ ਨੂੰ ਗਹਿਰਾਈ ਨਾਲ ਮਨੁੱਖੀ ਤਕਲੀਫ਼ ਦੀ ਸਮਝ ਆ ਜਾਵੇ।

ਦੁੱਖ ਵਿਚ ਜਿਸਮਾਨੀ ਤਕਲੀਫ਼ ਹੀ ਨਹੀਂ, ਨਿਰਾਸ਼ਾ, ਦਿਮਾਗੀ ਪਰੇਸ਼ਾਨੀਆਂ, ਵਿਛੋੜਾ ਅਤੇ ਮਨੁੱਖੀ ਦਿਲ ਦੀਆਂ ਮੁਸ਼ਕਿਲਾਂ ਵੀ ਆ ਸਕਦੀਆਂ ਹਨ। ਇਹ ਜੱਦੋ-ਜਹਿਦਾਂ ਖ਼ਤਰਨਾਕ ਤੇਜ਼ੀ ਨਾਲ ਆ ਸਕਦੀਆਂ ਹਨ ਜਾਂ ਸਾਡੀਆਂ ਰੂਹਾਂ ਤੇ ਹੌਲੀ-ਹੌਲੀ ਕਬਜ਼ਾ ਕਰ ਸਕਦੀਆਂ ਹਨ।

ਮਸੀਹੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤਕਲੀਫ਼ਾਂ ਦੀ ਮੁਸ਼ਕਿਲ ਹੱਲ ਹੋ ਜਾਵੇਗੀ, ਬਲਕਿ ਇਹ ਹੋਰ ਮੁਸ਼ਕਿਲ ਹੋ ਜਾਂਦੀ ਹੈ। ਖ਼ੁਦਾ ਵਿਚ ਵਿਸ਼ਵਾਸ ਨਾ ਕਰਨ ਵਾਲੇ ਨੂੰ ਤਕਲੀਫ਼ ਅਤੇ ਦੁਖਾਂਤ ਦਾ ਕਾਰਣ ਦੱਸਣ ਦੀ ਲੋੜ ਨਹੀਂ ਪੈਂਦੀ। ਜੇ ਦੁਨੀਆਂ ਦਾ ਕੋਈ ਅਰਥ ਨਾ ਹੁੰਦਾ, ਬਲਕਿ ਇਹ ਬੇਜਾਨ ਮਸ਼ੀਨ ਹੀ ਹੁੰਦੀ ਤਾਂ ਇਸ ਨੂੰ ਮਨੁੱਖੀ ਜੀਵਾਂ ਦੀ ਫ਼ਿਕਰ ਕਿਵੇਂ ਹੋ ਸਕਦੀ ਸੀ? ਅਜਿਹੇ ਸੰਸਾਰ ਨੂੰ ਇਹ ''ਫ਼ਿਕਰ'' ਨਹੀਂ ਹੋਣੀ ਸੀ ਕਿ ਲੋਕ ਤਕਲੀਫ਼ ਵਿਚ ਹਨ ਜਾਂ ਨਹੀਂ, ਕਿਉਂਕਿ ਇਸ ਵਿਚ ''ਫ਼ਿਕਰ'' ਕਰਨ ਦੀ ਕਾਬਲੀਅਤ ਨਹੀਂ ਹੋਣੀ ਸੀ। ਬਿਨਾਂ ਅਰਥ ਦੇ ਸੰਸਾਰ ਵਿਚ ਇਹ ਜਾਣਨ ਦੀ ਕੋਈ ਲੋੜ ਨਹੀਂ ਹੋਣੀ ਸੀ ਕਿ ਬੇਕਸੂਰ ਲੋਕਾਂ ਤੇ ਤਕਲੀਫ਼ ਕਿਉਂ ਆਉਂਦੀ ਹੈ? ਇਹ ਤੱਥ ਕਿ ਇਕ ਨਿੱਜੀ ਖ਼ੁਦਾ ਵਿਚ ਵਿਸ਼ਵਾਸ ਕਰਦਾ ਹੈ ਜੋ ਛੁਟਕਾਰਾ ਦੇਣ ਵਾਲਾ ਹੈ, ਆਪਣਾ ਆਮ ਦੇਣ ਵਾਲਾ ਹੈ, ਪਿਆਰ ਕਰਨ ਵਾਲਾ ਹੈ ਅਤੇ ਮਨੁੱਖ ਨਾਲ ਬੇਇੰਤਹਾ ਲਗਾਵ ਰੱਖਦਾ ਹੈ, ਮੁਸ਼ਕਿਲ ਨੂੰ ਹੋਰ ਵਧਾ ਦਿੰਦਾ ਹੈ। ਪਰ ਨਾਸਤਿਕ ਆਦਮੀ ਨੂੰ ਖ਼ੁਦਾ ਦੀ ਹੋਂਦ ਦਾ ਇਨਕਾਰ ਕਰਨ ਨਾਲ ਹਰ ਮੁਸ਼ਕਿਲ ਤੋਂ ਛੁਟਕਾਰਾ ਨਹੀਂ ਮਿਲ ਜਾਂਦਾ। ਹੋ ਸਕਦਾ ਹੈ ਕਿ ਉਹਨੂੰ ਦੁਨੀਆਂ ਵਿਚ ਤਕਲੀਫ਼ਾਂ ਅਤੇ ਬੁਰਾਈ ਦਾ ਹਿਸਾਬ ਨਾ ਦੇਣਾ ਪਵੇ, ਪਰ ਉਸ ਨੂੰ ਨਿਰਸੁਆਰਥ ਜ਼ਿੰਦਗੀ, ਭਲਾਈ ਅਤੇ ਅਜਿਹੇ ਲੋਕਾਂ ਦੀ ਸੂਰਬੀਰਤਾ ਦਾ ਕਾਰਣ ਦੱਸਣ ਵਿਚ ਇਸ ਤੋਂ ਵੀ ਵੱਡੀ ਮੁਸ਼ਕਿਲ ਆਉਂਦੀ ਹੈ ਜੋ ਦੂਜਿਆਂ ਲਈ ਜੀਉਂਦੇ ਅਤੇ ਮਰਦੇ ਹਨ। ਉਹ ਉਨ੍ਹਾਂ ਲੋਕਾਂ ਦੀ ਸਾਫ਼ ਦਿਲੀ ਬਾਰੇ ਕੀ ਕਹਿ ਸਕਦਾ ਹੈ ਜੋ ਇਸੇ ਸੋਚ ਵਿਚ ਆਉਂਦੇ ਹਨ ਕਿ ਉਹ ਸਹੀ ਹੀ ਹਨ? ਇਹ ਉਹ ਲੋਕ ਹਨ ਜਿਨ੍ਹਾਂ ਨੂੰ ਦੁਨੀਆਂ ਆਪਣੇ ਮਹਾਨ ਨਾਇਕਾਂ, ਮਨੁੱਖ ਜਾਤੀ ਦੀਆਂ ਸਭ ਤੋਂ ਇਤਿਹਾਸਿਕ ਉਦਾਹਰਨਾਂ ਦੇ ਰੂਪ ਵਿਚ ਮਾਣ ਦਿੰਦੀ ਹੈ। ਜੇ

ਮਨੁੱਖ ਦੀ ਭਲਿਆਈ ਅਤੇ ਸੂਰਬੀਰਤਾ ਦੇ ਗੁਣ ਸਿਰਫ਼ ਅਚਾਨਕ ਇਕੱਠਾ ਹੋਏ ਅਣੂਆਂ ਦਾ ਨਤੀਜਾ ਹਨ ਤਾਂ ਇਸ ਦਾ ਕੋਈ ਕਾਰਣ ਨਹੀਂ ਦੱਸਿਆ ਜਾ ਸਕਦਾ ਅਤੇ ਨਾ ਹੀ ਸੰਸਾਰ ਦੇ ਵਜੂਦ ਦਾ ਤਰਕ ਰਹਿ ਜਾਂਦਾ ਹੈ। ਇਸ ਕਰਕੇ ਸੰਸਾਰ ਵਿਚ ਅਰਥ ਬਾਰੇ ਮਨੁੱਖ ਦੇ ਸਭ ਤਰਕ ਬੇਕਾਰ ਹੋ ਜਾਂਦੇ ਹਨ। ਬੇਵਿਸ਼ਵਾਸਾ ਆਦਮੀ ਇਕ ਮੁਸ਼ਕਿਲ ਤੋਂ ਤਾਂ ਖਹਿੜਾ ਛੁਡਾ ਲੈਂਦਾ ਹੈ ਪਰ ਉਹਦੇ ਲਈ ਉਸ ਤੋਂ ਵੀ ਵੱਡੀ ਮੁਸ਼ਕਿਲ ਖੜੀ ਹੋ ਜਾਂਦੀ ਹੈ।

## ਕੁਝ ਗਲਤ ''ਹੱਲ''

ਤਕਲੀਫ਼ ਦੀ ਮੁਸ਼ਕਿਲ ਲਈ ਕਿਨ੍ਹਾਂ ਗਲਤ ''ਹੱਲਾਂ'' ਦਾ ਸੁਝਾਅ ਦਿੱਤਾ ਜਾਂਦਾ ਹੈ?

### ''ਤਕਲੀਫ਼ ਭਰਮ ਹੈ''

ਫਿਲਾਸਫ਼ੀ ਦੇ ਆਦਰਸ਼ਵਾਦੀਆਂ ਅਤੇ ਮੇਰੀ ਬੇਕਰ ਏਡੀ[1] ਵੱਲੋਂ ਪ੍ਰਚਾਰਿਤ ਇਕ ਹੱਲ ਇਹ ਹੈ ਕਿ ਹਰ ਤਰ੍ਹਾਂ ਦੀ ਤਕਲੀਫ਼ ਇਕ ਵਹਿਮ ਹੈ। ਇਸ ਵਿਚਾਰ ਮੁਤਾਬਕ, ਤਕਲੀਫ਼ ਅਤੇ ਦੁੱਖ ਸਾਡੇ ਵਿਗੜੇ ਮਨਾਂ ਦੀ ਉਪਜ ਹਨ ਅਤੇ ਮਨ ਤੋਂ ਬਾਹਰ ਉਹਦਾ ਵਜੂਦ ਨਹੀਂ ਹੋ ਹੀ ਸਕਦਾ। ਜੇ ਬੁਰਾਈ ਦਾ ਹਰ ਤਜਰਬਾ ਕਾਲਪਨਿਕ ਹੈ ਤਾਂ ਇਹ ਨਿਰੀਖਕ ਦੇ ਮਲ ਵਿਚ ਹੀ ਹੋ ਸਕਦਾ ਹੈ ਅਤੇ ਅਸਲੀ ਹਕੀਕਤ ਦਾ ਭਾਗ ਨਹੀਂ ਹੋ ਸਕਦਾ। ਇਸ ਤਰ੍ਹਾਂ ਭਰਮ ਵਿਚ ਪਈ ਸੋਚ ਅਤੇ ਤਕਲੀਫ਼ ਨੂੰ ਇਕੋ ਹੀ ਮੰਨਿਆ ਜਾਂਦਾ ਹੈ। ਜਿੰਨੀ ਛੇਤੀ ਕੋਈ ਆਪਣੀ ਤਕਲੀਫ਼ ਬਾਰੇ ਆਪਣੀ ਸੋਚ ਨੂੰ ਸੁਧਾਰ ਲੈਂਦਾ ਹੈ ਓਨੀ ਹੀ ਛੇਤੀ ਤਕਲੀਫ਼ ਦੂਰ ਹੋ ਜਾਂਦੀ ਹੈ।

ਇਹ ਕਹਿਣਾ ਬੇਤੁਕਾ ਹੈ ਕਿ ਦੁਨੀਆਂ ਵਿਚ ਹੋਣ ਵਾਲਾ ਹਰ ਦੁਖਾਂਤ ਖ਼ਿਆਲੀ ਹੀ ਹੈ। ਜੇ ਅਜਿਹਾ ਹੋ ਸਕਦਾ ਹੈ ਤਾਂ ਸਾਡਾ ਸੰਸਾਰ ਅਜਿਹਾ ਹੈ ਜਿਸ ਵਿਚ ਡਰਾਉਣੀਆਂ ਮੁਸ਼ਕਿਲਾਂ ਦੀ ਕਲਪਨਾ ਕਰਨ ਵਾਲੇ ਦਿਮਾਗ ਵੱਸਦੇ ਹਨ ਅਤੇ ਹਿਹ ਆਪਣੇ ਆਪ ਵਿਚ ਇਕ ਪਰੇਸ਼ਾਨ ਕਰਨ ਵਾਲੀ ਬੁਰਿਆਈ ਬਣ ਜਾਂਦਾ ਹੈ। ਜੇ ਬੁਰਾਈ ਅਸਲ 'ਚ ਹੈ ਹੀ ਨਹੀਂ ਤਾਂ ਦਿਮਾਗ਼ ਅਜਿਹੀਆਂ ਬੁਰਾਈਆਂ ਦੀ ਕਲਪਨਾ ਹੀ ਕਿਉਂ ਕਰਦਾ ਕਰੇਗਾ? ਜੇ ਕਿਸੇ ਦੀਆਂ ਅੱਖਾਂ ਕਿਸੇ ਦੁਰਘਟਨਾਂ ਵਿਚ ਚਲੀਆਂ ਗਈਆਂ ਹੋਣ, ਉਹਨੂੰ ਇਹ ਕਹਿਣਾ ਬੇਤੁਕਾ ਹੈ, ''ਤੇਰਾ ਅੰਨ੍ਹਾਪਣ ਅਸਲੀ ਨਹੀਂ ਹੈ; ਇਹ ਤਾਂ ਤੇਰੇ ਦਿਮਾਗ਼ ਦੀ ਸੋਚ ਹੈ।'' ਉਸ ਮਾਂ ਅਤੇ ਬਾਪ ਨੂੰ ਜਿਨ੍ਹਾਂ ਦਾ ਪੁੱਤਰ ਖੁੱਸ ਗਿਆ ਹੈ, ਇਹ ਕਹਿਣਾ ਬੇਤੁਕਾ ਹੈ, ''ਇਹ ਤੁਹਾਡੀ ਕਲਪਨਾ ਹੀ ਹੈ ਕਿ ਤੁਹਾਡਾ ਬੇਟਾ ਮਰ ਗਿਆ ਹੈ। ਤੁਹਾਡਾ ਦੁੱਖ ਤਾਂ ਇਕ ਭਰਮ ਹੈ; ਤੁਹਾਡਾ ਬੇਟਾ ਮਰਿਆ ਨਹੀਂ ਹੈ।''

ਬਾਈਬਲ ਵਿਚ ਵਿਸ਼ਵਾਸ ਕਰਨ ਵਾਲੇ ਜਾਣਦੇ ਹਨ ਕਿ ਤਕਲੀਫ਼ ਸਾਡੇ ਪ੍ਰਭੂ ਯਿਸੂ ਮਸੀਹ ਦੇ ਸਿਰ ਵਿਚ ਠੋਕੇ ਕੰਡਿਆਂ ਅਤੇ ਉਹਦੇ ਸਰੀਰ ਵਿਚ ਠੁਕੇ ਕਿੱਲਾਂ ਵਾਂਗ ਹੀ ਅਸਲੀ ਹੈ। ਅਸੀਂ ਵੀ ਤਕਲੀਫ਼ ਬਾਰੇ ਇਸ ਝੂਠੀ ਧਾਰਣਾ ਦੀ ਹਮਾਇਤ ਕਰਨ ਲਈ ਆਖ ਸਕਦੇ ਹਾਂ ਕਿ ਚੇਲਿਆਂ ਦਾ ਇਹ ਸੋਚਣਾ ਗ਼ਲਤ ਸੀ ਕਿ ਯਿਸੂ ਨੇ ਤਕਲੀਫ਼ਾਂ ਸਹੀਆਂ ਅਤੇ ਉਹ ਸਲੀਬ 'ਤੇ ਮਰਿਆ ਸੀ ਅਤੇ ਇਹ ਕਿ ਇੰਜੀਲ ਆਪਣੇ ਆਪ ਵਿਚ ਹੀ ਮਾੜੇ ਖ਼ਿਆਲਾਂ ਕਰਕੇ ਹੈ। ਦੋਵੇਂ ਇੱਕੋ ਵਿਚਾਰ ਦਾ ਹਿੱਸਾ ਹਨ।

### ''ਖ਼ੁਦਾ ਦੀ ਹੱਦ ਹੈ''

ਮੁਸ਼ਕਿਲ ਦੀ ਐਨੀ ਗਹਿਰਾਈ ਤੋਂ ਅਗਲੀ ਪੇਸ਼ਕਸ਼ ਮਿਲਦੀ ਹੈ ਸੀਮਤ ਖ਼ੁਦਾ ਦੀ ਧਾਰਣਾ ਵਿਚ ਇਹ ਆਪਣੀ ਵਿਆਖਿਆ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਵਿਚਾਰ ਇਹ ਹੈ ਕਿ ਖ਼ੁਦਾ ਭਾਵੇਂ ਧਰਮ ਦਾ ਭਲਾ ਅਤੇ ਚੰਗਾ ਹਮਾਇਤੀ ਹੈ, ਪਰ ਆਪਣੀ ਇੱਛਾ ਨੂੰ ਪੂਰਿਆਂ ਕਰਨ ਲਈ ਪੂਰਾ ਕਰਨ ਵਿਚ ਨਾਕਾਫ਼ੀ ਹੈ। ਉਸਨੂੰ ਉਨ੍ਹਾਂ ਦੁਸ਼ਟ ਸ਼ਕਤੀਆਂ ਦੇ ਸਾਹਮਣੇ ਜਿਨ੍ਹਾਂ ਨਾਂਲ ਉਹ ਸੰਸਾਰ ਵਿਚ ਲੜ ਰਿਹਾ ਸੀ, ਸੀਮਿਤ ਕਿਹਾ ਜਾਂਦਾ ਹੈ।

ਅਜਿਹਾ ਵਿਚਾਰ ਰੱਖਣ ਵਾਲਿਆਂ ਦਾ ਖ਼ਿਆਲ ਹੈ ਕਿ ਉਹ ਰਚਨਾ ਦੀ ਨਹੀਂ ਬਲਕਿ ਰਚਣਹਾਰੇ ਦੀ ਖ਼ਾਮੀ ਹੈ ਜੋ ਸਾਨੂੰ ਭੋਗਣੀ ਪੈਂਦੀ ਹੈ। ਉਨ੍ਹਾਂ ਦੇ ਦਰਸ਼ਨ ਵਿਚ ਇਹ ਗੱਲ ਹੈ ਕਿ ਖ਼ੁਦਾ ਦੀ ਅਬਦੀ ਇੱਛਾ ਅੱਗੇ ਅਜਿਹੀਆਂ ਰੁਕਾਵਟਾਂ ਆਉਂਦੀਆਂ ਹਨ। ਜੋ ਉਹਨੇ ਆਪਣੀ ਮਰਜ਼ੀ ਨਾਲ ਨਹੀਂ ਬਣਾਈਆਂ ਅਤੇ ਇਹ ਰੁਕਾਵਟਾਂ ਉਸਨੂੰ ਆਪਣੀ ਇੱਛਾ ਪੂਰੀ ਕਰਨ ਵਿਚ ਰੁਕਾਵਟਾਂ ਪਾਉਂਦੀਆਂ ਹਨ। ਉਹ ਸਾਥੋਂ ਇਹ ਵਿਸ਼ਵਾਸ ਕਰਵਾਉਣਾ ਚਾਹੁੰਦੇ ਹਨ ਕਿ ਖ਼ੁਦਾ ਆਪਣੀ ਪੂਰੀ ਸ਼ਕਤੀ ਨਾਲ ਬੁਰਾਈ ਦਾ ਵਿਰੋਧ ਅਤੇ ਸੰਸਾਰ ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਉਹਦੀ ਹੱਦ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਖ਼ੁਦਾ ਨੂੰ ਆਪਣੀ ਮਦਦ ਦੀ ਲੋੜ ਹੈ ਕਿਉਂਕਿ ਦੁਨਿਆਵੀ ਜੱਦੋਜਹਿਦ ਦਾ ਕੀ ਪਤਾ ਕਿਹਦੇ ਹੱਕ ਵਿਚ ਹੋ ਜਾਣਾ ਉਨ੍ਹਾਂ ਦੇ ਖ਼ਿਆਲ ਨਾਲ ਹਰ ਸ਼ਖਸ਼ ਜੋ ਖ਼ੁਦਾ ਵੱਲੋਂ ਲੜ ਰਿਹਾ ਹੈ, ਉਹ ਉਸ ਸੰਘਰਸ਼ ਵਿਚ ਉਸ ਦੀ ਸ਼ਕਤੀ ਨੂੰ ਵਧਾ ਰਿਹਾ ਹੈ ਤਾਂ ਜੋ ਧਰਮੀਆਂ ਦੀ ਜਿੱਤ ਯਕੀਨੀ ਹੋ ਸਕੇ।

ਅਸੀਂ ਵੇਖ ਸਕਦੇ ਹਾਂ ਕਿਹਿ ਵਿਚਾਰ ਦੁਨੀਆਂ ਵਿਚ ਪਾਈ ਜਾਣ ਵਾਲੀ ਬੁਰਾਈ ਦਾ ਜਵਾਬ ਨਹੀਂ ਬਲਕਿ ਇਕ ਅਜਿਹੇ ਖ਼ੁਦਾ ਦੇ ਸੰਘਰਸ਼ ਬਾਰੇ ਦੱਸਦਾ ਹੈ ਜੋ ਬਾਹਰੀ ਸ਼ਕਤੀਆਂ ਦੇ ਵਿਰੋਧ ਕਰਕੇ ਪੂਰੀ ਤਰ੍ਹਾਂ ਨਾਲ ਆਪਣੀ ਮਰਜ਼ੀ ਪੂਰੀ ਕਰਨ ਵਿਚ ਨਾਕਾਮ ਹੋਵੇ। ਬੋਸਟਨ ਯੂਨੀਵਰਸਿਟੀ ਦੇ ਈ. ਐਸ. ਬ੍ਰਾਈਟਮੈਨ ਦੇ ਹਮਾਇਤੀ ਬਹੁਤ ਸਾਰੇ ਫ਼ਿਲਾਸਫ਼ਰ ਇਸ ਵਿਚਾਰ ਦੀ ਹਮਾਇਤ ਕਰਦੇ ਹਨ, ਪਰ ਇਸ ਨਾਲ ਕਦੇ ਮੁਸ਼ਕਿਲ ਦਾ ਹੱਲ ਨਹੀਂ ਨਿੱਕਲਿਆ। ਸੀਮਤ ਖ਼ੁਦਾ ਦੀ ਧਾਰਣਾ ਬਾਈਬਲ ਦੀ ਸਿੱਖਿਆ ਦੇ ਉਲਟ ਹੈ ਕਿ ਖ਼ੁਦਾ ਸਰਬਸ਼ਕਤੀਮਾਨ ਹੈ ਅਤੇ ਆਪਣੇ ਮਕਸਦਾਂ ਨੂੰ ਸ਼ਸਾਰ ਵਿਚ ਪੂਰਾ ਕਰਨ ਦੇ ਸਮਰੱਥ ਹੈ ਕਿਉਂਕਿ ''ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸਕਦਾ ਹੈ'' (ਮੱਤੀ 19:26)।

**''ਹਰ ਤਕਲੀਫ਼ ਦਾ ਕਾਰਣ ਪਾਪ ਹੀ ਹੈ''**

ਮਨੁੱਖੀ ਕਸ਼ਟ ਦੀ ਮੁਸ਼ਕਿਲ ਦਾ ਤੀਜਾ ਗ਼ਲਤ ''ਹੱਲ'' ਇਹ ਖ਼ਿਆਲ ਹੈ ਕਿ ਤਕਲੀਫ਼ ਹਮੇਸ਼ਾ ਬੰਦੇ ਦੇ ਆਪਣੇ ਪਾਪ ਕਾਰਣ ਹੀ ਆਉਂਦੀ ਹੈ। ਇਸ ਵਿਚਾਰ ਵਿਚ ਇਹ ਸੱਚਾਈ ਹੈ ਕਿ ਤਕਲੀਫ਼ ਪਾਪ ਨਾਲ ਆਉਂਦੀ ਹੈ। ਅੱਜ ਸੰਸਾਰ ਵਿਚ ਜ਼ਿਆਦਾਤਰ ਤਕਲੀਫ਼ ਲੋਕਾਂ ਦੀ ਬੁਰਾਈ ਅਤੇ ਸੁਆਰਥੀ ਕਰਕੇ ਹੈ ਜੋ ਯੁੱਗਾਂ ਤੋਂ ਬੁਰਾਈ 'ਤੇ ਤੁਲੇ ਹੋਏ ਹਨ। ਜਦ ਗ਼ਲਤ ਕੰਮ ਕਰਨ ਤੇ ਸਾਡੇ ਤੇ ਦੁੱਖ ਆਉਂਦਾ ਹੈ ਤਾਂ ਸਾਨੂੰ ਇਹ ਸਮਝਣ ਵਿਚ ਥੋੜ੍ਹੀ ਤਕਲੀਫ਼ ਹੋਣੀ ਚਾਹੀਦੀ ਹੈ ਕਿ ਸਾਨੂੰ ਦੁੱਖ ਕਿਉਂ ਝੱਲਣਾ ਪਿਆ। ਪਰ ਇਸ ਨਾਲ ਹਰ ਗੱਲ ਦਾ ਖ਼ੁਲਾਸਾ ਨਹੀਂ ਹੁੰਦਾ ਹੈ। ਇਸ ਵਿਚ ਬੇਕਸੂਰ ਦੇ ਤਕਲੀਫ਼ ਝਲਣ ਦੇ ਕਾਰਣ ਦਾ ਪਤਾ ਨਹੀਂ ਲਗਦਾ। ਇਹ ਕਹਿਣਾ ਸਹੀ ਨਹੀਂ ਹੈ ਕਿ ਜਿਵੇਂ ਕਿਸੇ ਬੰਦੇ ਦੀਆਂ ਮੁਸ਼ਕਿਲਾਂ ਉਹਦੀ ਕਿਸੇ ਵੱਡੀ ਗ਼ਲਤੀ ਦੀ ਸਜ਼ਾ ਲਈ ਉਵੇਂ ਕਿਸੇ ਵੱਡੀ ਗ਼ਲਤੀ ਲਈ ਹੋਣ ਉਵੇਂ ਹੀ ਹਰ ਤਰ੍ਹਾਂ ਦੀ ਤਕਲੀਫ਼ ਪਾਪ ਕਰਕੇ ਹੀ ਹੈ।

ਅੱਯੂਬ ਦੇ ਸਾਥੀਆਂ ਨੇ ਉਸ ਨੇ ਕਿਸੇ ਗੁਪਤ ਬੁਰਾਈ ਦਾ ਇਲਜ਼ਾਮ ਲਾ ਕੇ ਜਿਸ ਨਾਲ ਉਸ ਉੱਤੇ ਕਸ਼ਟ ਆਇਆ, ਗਲਤੀ ਕੀਤੀ ਸੀ। ਉਨ੍ਹਾਂ ਨੇ ਉਸ ਨੂੰ ਸੁਆਹ ਵਿਚ ਬੈਠਿਆ, ਬੀਮਾਰੀ ਅਤੇ ਤਕਲੀਫ਼ ਨਾਲ ਕੁਰਲਾਉਂਦਿਆਂ, ਉਹਦੀ ਪਤਨੀ ਦੇ ਉਹਦੇ ਖ਼ਿਲਾਫ਼ ਬੋਲਣ, ਉਹਦੇ ਪਰਿਵਾਰ ਦੇ ਸਾਰੇ ਜਾਣ ਅਤੇ ਜਾਇਦਾਦ ਖੁੱਸ ਜਾਣ ਨੂੰ ਵੇਖਿਆ ਸੀ। ਉਹਦੇ ਪਰਿਵਾਰ 'ਤੇ ਆਫ਼ਤ ਇਕ ਦਮ ਆ ਪਈ ਸੀ। ਉਸਦੇ ਦੋਸਤ ਨੇ ਆਖਿਆ ਸੀ, ''ਅੱਯੂਬ, ਤੂੰ ਜ਼ਰੂਰ ਕੋਈ ਵੱਡਾ ਪਾਪ ਕੀਤਾ ਹੋਵੇਗਾ ਵਰਨਾ ਤੈਨੂੰ ਐਨੀ ਮੁਸੀਬਤ ਨਾ ਝੱਲਣੀ ਪੈਂਦੀ। ਤੌਬਾ ਕਰ ਅਤੇ ਆਪਣੇ ਪਾਪ ਨੂੰ ਮੰਨ ਲੈ। ਕੀ ਪਤ; ਖ਼ੁਦਾ ਆਪਣਾ ਮੂੰਹ ਤੇਰੇ ਵੱਲ ਭੁਆਂ ਲਵੇ।'' ਅੱਯੂਬ ਦੀ ਕਿਤਾਬ ਦਾ ਜ਼ਿਆਦਾਤਰ ਹਿੱਸਾ ਇਨ੍ਹਾਂ ਇਲਜ਼ਾਮਾ ਦੇ ਖਿਲਾਫ਼ ਹੈ, ਜਿਸ ਵਿਚ ਉਹਨੇ ਆਪਣੇ ਧਰਮੀ ਹੋਣ ਦੀ ਪੈਰਵੀ ਕੀਤੀ ਅਤੇ ਤਕਲੀਫ਼ ਦੀ ਇਸ ਗ਼ਲਤ ਧਾਰਣਾ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਅਜਿਹੇ ਸੰਘਰਸ਼ ਨਾਲ ਉਹਦੀਆਂ ਮੁਸ਼ਕਿਲਾਂ ਬਾਰੇ ਇਕ ਗੰਭੀਰ ਸਮਝ ਮਿਲਦੀ ਹੈ।

ਨਵੇਂ ਨੇਮ ਵਿਚ ਯਿਸੂ ਨੇ ਦੇਖਿਆ ਕਿ ਪਿਲਾਤੂਸ ਨੇ ਜਿਨ੍ਹਾਂ ਲੋਕਾਂ ਦਾ ਲਹੂ ਉਹਦੀਆਂ ਕੁਰਬਾਨੀਆਂ ਵਿਚ ਮਿਲਾ ਦਿੱਤਾ ਸੀ ਉਹ ਕਿਸੇ ਵੀ ਤਰ੍ਹਾਂ ਦੇਸ਼ ਦੇ ਰਹਿਣ ਵਾਲੇ ਹੋਰਨਾਂ ਲੋਕਾਂ ਨਾਲੋਂ ਮਾੜੇ ਨਹੀਂ ਸਨ।

> ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਭਲਾ, ਤੁਸੀਂ ਸਮਝਦੇ ਹੋ ਭਈ ਏਹ ਗਲੀਲੀ ਸਭਨਾਂ ਗਲੀਲੀਆਂ ਨਾਲੋਂ ਵੱਡੇ ਪਾਪੀ ਸਨ ਜੋ ਉਨ੍ਹਾਂ ਨੇ ਇਹ ਦੁੱਖ ਸਹੇ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੋ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ। ਯਾ ਉਹ ਅਠਾਰਾਂ ਜਿਨ੍ਹਾਂ ਉੱਤੇ ਸਿਲੋਆਮ ਦਾ ਬੁਰਜ਼ ਢੱਠਾ ਅਤੇ ਉਨ੍ਹਾਂ ਨੂੰ ਮਾਰ ਸੁੱਟਿਆ, ਭਲਾ ਤੁਸੀਂ ਏ ਸਮਝਦੇ ਹੋ ਜੋ ਓਹ ਯਰੂਸ਼ਲਮ ਦੇ ਸਭ ਰਹਿਣ ਵਾਲਿਆਂ ਨਾਲੋਂ ਵੱਡੇ ਪਾਪੀ ਸਨ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋਵੇਗਾ (ਲੂਕਾ 13:2-5)।

ਸਾਫ਼ ਭਾਸ਼ਾ ਵਿਚ, ਸਾਡੇ ਪ੍ਰਭੂ ਨੇ ਇਸ ਵਿਚਾਰ ਨੂੰ ਨਕਾਰ ਦਿੱਤਾ ਕਿ ਤਕਲੀਫ਼ ਹਮੇਸ਼ਾ ਇਸ ਤੋਂ ਪੀੜਤ ਹੋਣ ਵਾਲਿਆਂ ਦੀ ਬੁਰਾਈ ਕਰਕੇ ਹੀ ਆਉਂਦੀ ਹੈ।

ਇਕ ਹੋਰ ਮੌਕੇ ਤੇ, ਜਨਮ ਦੇ ਅੰਨ੍ਹੇ ਨੂੰ ਵੇਖ ਕੇ ਚੇਲਿਆਂ ਨੇ ਯਿਸੂ ਤੋਂ ਪੁੱਛਿਆ ਸੀ, ''ਅਰ ਉਸ ਦੇ ਚੇਲਿਆਂ ਨੇ ਉਸ ਨੂੰ ਪੁੱਛਿਆ, ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾਂ ਜੰਮਿਆ ਹੈ? ਯਿਸੂ ਨੇ ਉੱਤਰ ਦਿੱਤਾ, ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿਚ ਪਰਗਟ ਕੀਤੇ ਜਾਣ'' (ਯੂਹੰਨਾ 9:2, 3)। ਇਹ ਆਦਮੀ ਨਾ ਤਾਂ ਆਪਣੇ ਮਾਂ-ਪਿਓ ਦੇ ਅਤੇ ਨਾ ਆਪਣੇ ਪਾਪ ਕਰਕੇ ਅੰਨ੍ਹਾਂ ਪੈਦਾ ਹੋਇਆ ਸੀ। ਮਸੀਹ ਦੀ ਆਪਣੀ ਤਕਲੀਫ਼ ਇਸ ਵਿਚਾਰ ਨੂੰ ਨਕਾਰਨ ਲਈ ਕਾਫ਼ੀ ਹੋਣੀ ਚਾਹੀਦੀ ਹੈ ਕਿ ਹਰ ਤਰ੍ਹਾਂ ਦੇ ਕਸ਼ਟ ਕਿਸੇ ਦੇ ਪਾਪਾਂ ਦੀ ਸਜ਼ਾ ਦੇ ਤੌਰ ਤੇ ਮਿਲਦੇ ਹਨ, ਕਿਉਂਕਿ ਬਾਈਬਲ ਦੱਸਦੀ ਹੈ ਕਿ ਉਹਨੇ ''ਕੋਈ ਪਾਪ ਨਹੀਂ ਕੀਤਾ'' (1 ਪਤਰਸ 2:22)। ਫਿਰ ਵੀ, ਉਸ ਬੇਕਸੂਰ ਨੇ ਦੋਸ਼ੀਆਂ ਲਈ ਦੁੱਖ ਝੱਲਿਆ ਤਾਂ ਜੋ ਉਹ ਸਾਨੂੰ ਛੁਡਾ ਲਵੇ। ਪਾਪ ਨਾਲ ਤਕਲੀਫ਼ ਤਾਂ ਆ ਸਕਦੀ ਹੈ, ਪਰ ਇਸ ਨਾਲ ਇਹ ਨਹੀਂ ਪਤਾ ਲਗਦਾ ਕਿ ਹਰ ਤਰ੍ਹਾਂ ਦੀ ਤਕਲੀਫ਼ ਕਿਵੇਂ ਆਉਂਦੀ ਹੈ, ਨਾ ਬਾਈਬਲ ਹੀ ਇਸ ਸਪੱਸ਼ਟ ਗੱਲ ਨੂੰ ਕਸ਼ਟ ਦਾ ਕਾਰਣ ਮੰਨਦੀ ਹੈ। ਮਸੀਹੀ ਲੋਕਾਂ ਨੂੰ ਇਹ ਇਹ ਸਮਝ ਹੋਣੀ ਜ਼ਰੂਰੀ ਹੈ।

ਹੁਣ ਜਦ ਕਿ ਅਸੀਂ ਕੁਝ ਗ਼ਲਤ ''ਹੱਲਾਂ'' ਤੇ ਧਿਆਨ ਦਿੱਤਾ ਹੈ, ਤਾਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਮਨੁੱਖ ਜਾਤੀ ਦੇ ਕਸ਼ਟ ਦੀ ਮੁਸ਼ਕਿਲ ਦੇ ਪੂਰੇ ਹੱਲ ਤਕ ਪਹੁੰਚਣ ਦਾ ਦਾਅਵਾ ਕੋਈ ਵੀ ਨਹੀਂ ਕਰ ਸਕਦਾ। ਇਸ ਸਵਾਲ ਦੇ ਬਹੁਤ ਸਾਰੇ ਪਹਿਲੂ ਸਾਡੀ ਸ਼ਕਤੀ ਅਤੇ ਸਮਝ ਤੋਂ ਬਾਹਰ ਹਨ। ਨਾ ਹੀ ਸਾਡੇ ਲਈ ਇਸ ਵਿਸ਼ੇ ਨੂੰ ਇਸ ਪਾਠ ਵਿਚ ਦੱਸ ਸਕਣਾ ਮੁਮਕਿਨ ਹੈ। ਪਰ ਹੋ ਸਕਦਾ ਹੈ ਕਿ ਤਕਲੀਫ਼ਾਂ ਤੇ ਸੁਝਾਏ ਗਏ ਵਿਚਾਰ ਸਾਡੇ ਵੱਲੋਂ ਸਹੀਆਂ ਗਈਆਂ ਤਕਲੀਫ਼ਾਂ ਅਤੇ ਦੂਜਿਆਂ ਦੀਆਂ ਜ਼ਿੰਦਗੀਆਂ ਵਿਚ ਮਿਲਣ ਵਾਲੀਆਂ ਤਕਲੀਫ਼ਾਂ ਨਾਲ ਸਾਡੇ ਮਨ ਰੋਸ਼ਨ ਹੋ ਜਾਣ।

ਵਿਸ਼ਵਾਸ ਅਤੇ ਤਕਲੀਫ਼ ਨੂੰ ਇਕ ਕਰਨ ਵਿਚ ਲੱਗੇ ਲੋਕ ਇਸ ਮੁਸ਼ਕਿਲ ਨੂੰ ਇਵੇਂ ਜ਼ਾਹਿਰ ਕਰਦੇ ਹਨ: ''ਜੇ ਖ਼ੁਦਾ ਭਲਾ ਹੈ, ਉਹ ਮਨੁੱਖਾਂ ਨੂੰ ਖੁਸ਼ ਵੇਖਣਾ ਚਾਹੁੰਦਾ ਹੈ; ਅਤੇ ਉਹ ਸਰਬਸ਼ਕਤੀਮਾਨ ਹੈ, ਉਹ ਆਪਣੀ ਮਰਜ਼ੀ ਨਾਲ ਜੋ ਚਾਹੇ ਕਰ ਸਕਦਾ ਹੈ। ਉਹਦੇ ਬਣਾਏ ਲੋਕ ਨਾਖੁਸ਼ ਹਨ ਇਸ ਕਰਕੇ ਜ਼ਰੂਰ ਹੀ ਖ਼ੁਦਾ ਵਿਚ ਸ਼ਕਤੀ ਭਲਾਈ ਜਾਂ ਦੋਹਾਂ ਦੀ ਆਣ ਹੈ।''

## ਖ਼ੁਦਾ ਦੀ ਸਰਬਸ਼ਕਤੀਮਾਨਤਾ ਅਤੇ ਭਲਾਈ

ਖ਼ੁਦਾ ਦੀ ਸਰਬਸ਼ਕਤੀਮਾਨਤਾ ਅਤੇ ਭਲਿਆਈ ਅਤੇ ਮਨੁੱਖ ਲਈ ਉਹ ਮਹਾਨ ਪ੍ਰੇਮ ਦੇ ਨਵੇਂ ਮੁਲਾਂਕਣ ਨਾਲ ਅਤੇ ਮਨਾਂ ਵਿਚ ਪਾਈਆਂ ਜਾਣ ਵਾਲੀਆਂ ਗਲਤਫ਼ਹਿਮੀਆਂ ਦੂਰ ਹੋ ਸਕਦੀਆਂ ਹਨ।

''ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸਕਦਾ ਹੈ'' (ਮੱਤੀ 19:26) ਕਹਿ ਕੇ ਬਾਈਬਲ ਕੀ ਸਮਝਾਉਣਾ ਚਾਹੁੰਦੀ ਹੈ? ਭਲਾ ਇਹਦਾ ਮਤਲਬ ਇਹ ਹੈ ਕਿ ਖ਼ੁਦਾ ਉਹ ਗੰਢ ਬੰਨ੍ਹ ਸਕਦਾ ਹੈ ਜਿਸਨੂੰ ਆਪ ਵੀ ਨਹੀਂ ਖੋਲ੍ਹ ਸਕਦਾ? ਭਲਾ ਖ਼ੁਦਾ ਇਕ ਵਰਗਾਕਾਰ ਘੇਰਾ ਬਣਾ ਸਕਦਾ ਹੈ? ਅਜਿਹੇ ਸਵਾਲ ਪੁੱਛ ਕੇ ਮਨੁੱਖ ਸ਼ਬਦਾਂ ਨਾਲ ਖੇਡ ਰਿਹਾ ਹੈ। ਇਹ ਤੱਥ ਕਿ ਅਸੀਂ ਸ਼ਬਦਾਂ ਨੂੰ ਇਵੇਂ ਇੱਕਠੇ ਕਰ ਸਕਦੇ ਹਾਂ, ਦਾ ਮਤਲਬ ਨਹੀਂ ਹੈ ਕਿ ਉਨ੍ਹਾ ਦਾ ਵੀ ਅਰਥ ਕੱਢ ਲਿਆ ਜਾਵੇ। ਦੋ ਆਪਸੀ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ, ਨਹੀਂ ਤਾਂ ਖ਼ੁਦਾ ਦੀ ਦੁਨੀਆਂ ਬੇਤੁਕੀ ਬਣ ਜਾਵੇਗੀ। ਸਰਬਸ਼ਕਤੀਮਾਨਤਾ ਦਾ ਅਰਥ ਇਹ ਨਹੀਂ ਹੈ ਕਿ ਖ਼ੁਦਾ ਕਿਸੇ ਦੇ ਮਨ ਵਿਚ ਆਉਣ ਵਾਲੀ ਮੂਰਖਤਾ ਕਰ ਸਕਦਾ ਹੈ। ਇਹਦੇ ਉਲਟ ਇਸ ਨੂੰ ਉਸਦੇ ਸੁਭਾਅ ਦੇ ਹੋਰ ਗੁਣਾਂ ਦੇ ਬਾਰੇ, ਪੂਰੀ ਤਰ੍ਹਾ ਨਾਲ ਉਨ੍ਹਾਂ ਨਾਲ ਮਿਲਾ ਕੇ ਕੰਮ ਕਰਨਾ ਚਾਹੀਦਾ ਹੈ। ਖ਼ੁਦਾ ਸਰਬਸ਼ਕਤੀਮਾਨ ਹੈ ਜੋ ਆਪਣੇ ਸੁਭਾਅ ਅਤੇ ਆਪਣੀ ਇੱਛਾ ਦੇ ਮੁਤਾਬਕ ਸਭ ਕੁਝ ਕਰ ਸਕਦਾ ਹੈ। ਬਾਈਬਲ ਹੀ ਕਹਿੰਦੀ ਹੈ ਕਿ ਕੁਝ ਕੰਮ ਹਨ ਜਿਨ੍ਹਾਂ ਨੂੰ ਖ਼ੁਦਾ ਨਹੀਂ ਕਰ ਸਕਦਾ। ਕਿਉਂਕਿ ਊਹ ਖ਼ੁਦਾ ਹੈ। ਖ਼ੁਦਾ ਝੂਠ ਨਹੀਂ ਬੋਲ ਸਕਦਾ (ਇਬਰਾਨੀਆਂ 6:18), ਉਹ ਬੁਰਾਈ ਨਾਲ ਕਿਸੇ ਦੀ ਅਜ਼ਮਾਇਸ਼ ਨਹੀਂ ਕਰ ਸਕਦਾ ਅਤੇ ਨਾ ਅਜ਼ਮਾਇਸ਼ ਵਿਚ ਪੈ ਸਕਦਾ ਹੈ (ਯਾਕੂਬ 1:13) ਅਤੇ ਬੁਰਾਈ ਵੇਖ ਕੇ ਚੁੱਪ ਨਹੀਂ ਰਹਿ ਸਕਦਾ (ਹਬੱਕੂਕ 1:13), ਅਜਿਹਾ ਕਰਨ ਨਾਲ ਤਾਂ ਉਹ ਆਪਣੇ ਹੀ ਸੁਭਾਅ ਦੇ ਉਲਟ ਕਰੇਗਾ।

ਸਰਬਸ਼ਕਤੀਮਾਨ ਖ਼ੁਦਾ ਨੇ ਮਨੁੱਖ ਨੂੰ ਆਪਣੀ ਪਸੰਦ ਚੁਣਨ ਦੀ ਸ਼ਕਤੀ ਦੇ ਕੇ, ਜ਼ਿੰਦਗੀ ਵਿਚ ਫ਼ੈਸਲਾ ਲੈਣ ਦੀ ਸੁਤੰਤਰ ਇੱਛਾ ਨਾਲ ਬਣਾਇਆ। ਖ਼ੁਦਾ ਨੇ ਮਨੁੱਖ ਨੂੰ ਸੰਸਾਰ ਵਿਚ ਆਪਣੀ ਮਰਜ਼ੀ ਦਾ ਮਾਲਕ ਬਣਾ ਕੇ ਖ਼ੁਦਾ ਨੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਸੀਮਤ ਕਰਕੇ ਆਪਣੇ ਸ਼ਕਤੀਮਾਨ ਹੋਣ ਨੂੰ ਖ਼ਤਰੇ ਵਿਚ ਨਹੀਂ ਪਾਇਆ ਹੈ। ਇਸ ਹੱਦ ਵਿਚ ਜੋ ਖ਼ੁਦਾ ਨੇ ਆਪਣੇ ਉੱਤੇ ਆਪੇ ਹੀ ਲਾਈ ਹੈ, ਕੋਈ ਬਾਹਰੀ ਵਿਅਕਤੀ ਸ਼ਾਮਿਲ ਨਹੀਂ ਹੈ, ਬਲਕਿ ਇਸ ਨੂੰ ਉਹਦੇ ਹੀ ਸੁਭਾਅ ਤੋਂ ਲਿਆ ਗਿਆ ਹੈ।

ਜੇ ਕੋਈ ਕਹੇ ਕਿ ਜਦ ਉਹਨੂੰ ਪਤਾ ਸੀ ਕਿ ਇਸ ਨਾਲ ਮਨੁੱਖ ਗ਼ਲਤ ਪਸੰਦ ਨੂੰ ਚੁਣ ਕੇ ਕਸ਼ਟ ਵਿਚ ਪਵੇਗਾ ਤਾਂ ਖ਼ੁਦਾ ਨੇ ਮਨੁੱਖ ਨੂੰ ਸੁਤੰਤਰ ਇੱਛਾ ਦੇ ਕੇ ਕਿਉਂ ਬਣਾਇਆ, ਤਾਂ ਇਹਦਾ ਇੱਕੋਂ ਜਵਾਬ ਹੋ ਸਕਦਾ ਹੈ ਕਿ ਆਪਣੀ ਅਧੀਨ ਬੁੱਧ ਅਤੇ ਪ੍ਰੇਮ ਦੇ ਕਾਰਣ ਖ਼ੁਦਾ ਉਸ ਵਿਚ ਹੋਣ ਵਾਲਾ ਜੋਖ਼ਿਮ ਲੈਣ ਲਈ ਤਿਆਰ ਸੀ, ਤਾਂ ਜੋ ਉਹ ਸਾਡੇ ਨਾਲ ਵਿਆਕਤੀਆਂ ਦੇ ਰੂਪ ਵਿਚ ਵਿਹਾਰ ਕਰ ਸਕੇ ਅਤੇ ਸਾਨੂੰ ਆਪਣੀ ਮਰਜ਼ੀ ਨਾਲ ਉਹਦੀ ਸੇਵਾ ਕਰਨ ਜਾਂ ਉਸ ਨੂੰ ਠੁਕਰਾਉਣ ਦੀ ਆਜ਼ਾਦੀ ਦੇ ਸਕੇ। ਉਸਨੇ ਇਹ ਜੋਖ਼ਿਮ ਸਾਨੂੰ ਨੈਤਿਕ ਅਤੇ ਰੂਹਾਨੀ ਤੌਰ ਤੇ ਆਪਣੇ ਵਰਗਾ ਬਣਾਉਣ ਲਈ ਚੁੱਕਿਆ। ਖ਼ੁਦਾ ਲੋਕਾਂ ਨਾਲ ਮਨੁੱਖੀ ਜੀਵਾਂ ਅਤੇ ਮਨਾਂ ਅਤੇ ਇੱਛਾਵਾਂ ਕੋਲ਼ ਬੇਨਤੀ ਕਰਦਿਆਂ ਉਨ੍ਹਾ ਨੂੰ ਧੱਕੇ ਨਾਲ ਨਹੀਂ ਬਲਕਿ ਸਮਝਾ ਕੇ ਕਰਦਾ ਹੈ। ਇਸ ਲਈ ਦੁਨੀਆਂ ਵਿਚ ਪਾਈਆਂ ਜਾਣ ਵਾਲੀਆਂ ਬਹੁਤ ਸਾਰੀਆਂ ਬੁਰਾਈਆਂ ਉਨ੍ਹਾਂ ਲੋਕਾਂ ਦੀਆਂ ਬੁਰੀਆਂ ਖ਼ਾਹਿਸ਼ਾ ਕਰਕੇ ਆਉਂਦੀਆਂ ਹਨ। ਜਿਨ੍ਹਾਂ ਨੇ ਖ਼ੁਦਾ ਦੇ ਰਾਹ ਨੂੰ ਠੁਕਰਾ ਦਿੱਤਾ ਹੈ। ਜੇ ਇੱਛਾ ਦੀ ਸੁਤੰਤਰਤਾ ਦਾ ਕੋਈ ਅਰਥ ਹੈ ਤਾਂ ਫ਼ਿਰ ਖ਼ੁਦਾ ਵੀ ਕਿਸੇ ਦੀ ਜ਼ਿੰਦਗੀ ਵਿਚ ਜਾ ਕੇ ਉਹਨੂੰ ਉਹਦੀ ਮਰਜ਼ੀ ਦੇ ਖ਼ਿਲਾਫ਼, ਉਹਦੇ ਪਿੱਛੇ ਚਲਣ ਨੂੰ ਸਿਰਫ਼ ਇਸ ਲਈ ਮਜ਼ਬੂਰ ਨਹੀਂ ਕਰ ਸਕਦਾ ਕਿ ਉਹ ਮਰਜ਼ੀ ਚਾਹੁੰਦਾ ਹੈ। ਫ਼ੈਸਲਾ ਲੈਣਾ ਹਰ ਬੰਦੇ ਦੇ ਆਪਣੇ ਹੱਥ ਵਿਚ ਹੈ। ਖ਼ੁਦਾ ਦੀ ਸਰਬਸ਼ਕਤੀਮਾਨਤਾ ਦੀ ਕੋਈ ਵੀ ਧਾਰਣਾ ਜੋ ਮਨੁੱਖ ਦੀ ਪਸੰਦ ਦੀ ਸੁਤੰਤਰਤਾ ਅਤੇ ਉਸਦੇ ਕੰਮਾਂ ਅਤੇ ਫ਼ੈਸਲਿਆਂ ਲਈ ਉਹਦੀ ਨੈਤਿਕ ਜ਼ਿੰਮੇਵਾਰੀ ਨੂੰ ਖ਼ਤਮ ਕਰਦੀ ਹੋਵੇ, ਖ਼ੁਦਾ ਦੇ ਵਚਨ ਦੀ ਸਿੱਖਿਆ ਮੁਤਾਬਕ ਨਹੀਂ ਹੋ ਸਕਦੀ।

ਅਸੀਂ ਖ਼ੁਦਾ ਨੂੰ ਪ੍ਰੇਮ ਆਖਦੇ ਹਾਂ, ਇਸ ਕਰਕੇ ਲੋਕ ਅਕਸਰ ਖ਼ੁਦਾ ਨੂੰ ਕਿਸੇ ਤਰ੍ਹਾਂ ਦੇ ਸੈਂਟਾਂ ਕਲਾਜ਼ ਦਾ ਵਾਦੇ ਦੇ ਰੂਪ ਵਿਚ ਵਿਖਾਉਂਦੇ ਹਨ। ਉਨ੍ਹਾਂ ਮੰਨਣਾ ਹੈ ਕਿ ਉਹਦੀ ਮੁੱਖ ਦਿਲਚਸਪੀ ਇਹ ਵੇਖਣ ਵਿਚ ਹੈ ਕਿ ਉਹਦੇ ਬਣਾਏ ਲੋਕਾਂ ਕੋਲ਼ ਉਹ ਸਭ ਹੋਣੇ ਜੋ ਉਹ ਚਾਹੁੰਦੇ ਹੋਣ ਅਤੇ ਧਰਤੀ ਤੇ ਪੂਰੀ ਮੌਜ ਕਰਨਾ ਪ੍ਰੇਮ ਦੀ ਇਹ ਕਿਹੋ ਜਿਹੀ ਵਿਗੜੀ ਹੋਈ ਧਾਰਣਾ ਹੈ। ਜਦ ਜ਼ਿੰਦਗੀ ਦੇ ਤਜਰਬੇ ਇਸ ਨੂੰ ਖੇਰੂੰ-ਖੇਰੂੰ ਕਰ

ਦਿੰਦੇ ਹਨ, ਤਾਂ ਬਹੁਤੇ ਲੋਕ ਆਖਦੇ ਹਨ, ''ਮੈਂ ਅਜਿਹੇ ਖ਼ੁਦਾ ਤੇ ਵਿਸ਼ਵਾਸ ਨਹੀਂ ਕਰ ਸਕਦਾ ਜੋ ਮੈਨੂੰ ਉਹ ਸਭ ਕੁਝ ਨਹੀਂ ਦਿੰਦਾ ਜੋ ਮੈਂ ਮੰਗਦਾ ਹਾਂ [ਜਾਂ ਜੋ ਮੈਨੂੰ ਲਗਦਾ ਹੈ ਕਿ ਮੇਰੇ ਲਈ ਚੰਗਾ ਹੈ]'' ਚੌਕਸੀ ਨਾਲ ਅਧਿਐਨ ਕਰਨ ਤੋਂ ਬਾਅਦ, ਮਸੀਹੀ ਆਦਮੀ ਇਸ ਗੱਲ ਤੋਂ ਜਾਣੂ ਹੈ ਕਿ ਆਪਣੇ ਲੋਕਾਂ ਲਈ ਖ਼ੁਦਾ ਦੇ ਪਿਆਰ ਦਾ ਬਿਆਨ ਕਰਨ ਲਈ ਬਾਈਬਲ ਵਿਚ ਵਰਤੇ ਗਏ ਸੰਕੇਤ ਅਤੇ ਇਕ ਰੂਪਤਾਵਾਂ ਖ਼ੁਦਾ ਬਾਪ ਨੂੰ ਕਦੇ ਵੀ ਨਰਮ ਦਿਲ ਦੇ ਰੂਪ ਵਿਚ ਨਹੀਂ ਵਿਖਾਉਂਦੇ।

ਖ਼ੁਦਾ ਨੂੰ ਇਕ ਘੁਮਿਆਰ ਦੇ ਰੂਪ ਵਿਚ ਵਿਖਾਇਆ ਗਿਆ ਹੈ ਜੋ ਮਿੱਟੀ ਦੇ ਭਾਂਡੇ ਬਨਾਉਣ ਵਿਚ ਬੜੀ ਸਾਵਧਾਨੀ ਨਾਲ ਅਤੇ ਚੌਕਸੀ ਨਾਲ ਕੰਮ ਕਰਦਾ ਹੈ। ਉਹ ਇਕ ਰਾਜ ਮਿਸਤਰੀ ਵਾਂਗ ਹੈ ਜੋ ਆਪਣੇ ਹੁਨਰ ਨਾਲ ਇਕ ਖ਼ੂਬਸੂਰਤ ਮੰਦਿਰ ਖੜਾ ਕਰਨ ਲਈ ਪੱਥਰਾਂ ਨੂੰ ਆਕਾਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਚਿਣ-ਚਿਣ ਕੇ ਲਾਉਂਦਾ ਹੈ ਤਾਂ ਜੋ ਉਹ ਉਹਦੀ ਬੇਹਤਰੀਨ ਰਚਨਾ ਬਣ ਜਾਵੇ। ਉਹ ਇਕ ਅੱਯਾਲੀ ਜਾਂ ਆਜੜੀ ਵਰਗਾ ਹੈ ਜੋ ਆਪਣੇ ਇੱਜੜ ਦੀ ਰਾਖੀ ਕਰਨ ਅਤੇ ਉਹਨੂੰ ਖ਼ਤਰੇ ਤੋਂ ਬਚਾਉਣ ਲਈ ਸਮਰਪਤ ਹੈ। ਇਕ ਪਿਤਾ ਜੋ ਆਪਣੇ ਬੱਚਿਆਂ ਨੂੰ ਜਿਨ੍ਹਾਂ ਵਿਚ ਉਸਦੀ ਖੁਸ਼ੀ ਹੈ। ਅਨੁਸ਼ਾਸਿਤ ਕਰਵਾ ਅਤੇ ਸਮਝਾਉਂਦਾ ਹੈ। ਉਸ ਪ੍ਰੇਮ ਕਰਕੇ ਸਾਨੂੰ ਤਕਲੀਫ਼ ਹੁੰਦੀ ਹੈ ਕਿਉਂਕਿ ਉਹਦੀ ਪਵਿੱਤਰ ਅੱਖ ਸਾਡੇ ਅੰਦਰ ਐਨੀ ਬੁਰਾਈ ਵੇਖੀ ਹੈ ਜੋ ਉਹਦੀ ਪਵਿੱਤਰਤਾ ਨੂੰ ਭੰਗ ਅਤੇ ਉਹਦੇ ਨਾਲ ਬਗ਼ਾਵਤ ਕਰਦੀ ਹੈ। ਖ਼ੁਦਾ ਨੂੰ ਸਾਨੂੰ ਹੋਰ ਪਿਆਰਾ ਵਿਅਕਤੀ ਬਨਾਉਣ ਲਈ, ਆਪਣੇ ਪਾਕ ਅਤੇ ਪਵਿੱਤਰ ਸੁਭਾਅ ਵਰਗਾ ਬਣਾਉਣ ਲਈ ਸਾਡੇ ਨਾਲ ਮਿਲ ਕੇ ਕੰਮ ਕਰਨਾ ਹੈ। ਕਮਜ਼ੋਰੀ ਤੇ ਸਾਡੀਆਂ ਜਿੱਤਾਂ ਤੇ ਉਹ ਖੁਸ਼ ਹੋ ਸਕਦਾ ਹੈ, ਪਰ ਜਦ ਉਸਨੂੰ ਸਾਡੇ ਵਿਚ ਉਹ ਸਭ ਨਜ਼ਰ ਆਉਂਦਾ ਹੈ ਜੋ ਓਨਾ ਚੰਗਾ ਨਹੀਂ ਹੈ ਜਿੰਨਾ ਹੋਣਾ ਚਾਹੀਦਾ ਹੈ, ਤਦ ਤਕ ਉਹ ਸਾਥੋਂ ਸੰਤੁਸ਼ਟ ਨਹੀਂ ਹੁੰਦਾ। ਉਹ ਸਾਨੂੰ ਤਾੜਦਾ ਹੈ, ਸਮਝਾਉਂਦਾ ਹੈ ਅਤੇ ਤਿਆਰ ਕਰਦਾ ਹੈ ਤਾਂ ਜੋ ਅਸੀਂ ਹਮੇਸ਼ਾ ਲਈ ਉਹਦੇ ਨਾਲ ਰਹਿ ਸਕੀਏ। ਉਹਦੇ ਅਨੁਸ਼ਾਸ਼ਨ ਨੂੰ ਥਾਂ ਦਿੱਤੇ ਬਗ਼ੈਰ ਖ਼ੁਦਾ ਦੇ ਪ੍ਰੇਮ ਦੀ ਕੋਈ ਧਾਰਣਾ ਪੂਰੀ ਨਹੀਂ ਹੁੰਦੀ ਹੈ। ਉਹ ਸਾਡੀ ਜੋ ਸੰਭਾਲ ਕਰਦਾ ਹੈ, ਉਹ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਉਹ ਸਾਡੇ ਨਾਲ ਕਿੰਨਾ ਪਿਆਰ ਕਰਦਾ ਹੈ ਅਤੇ ਉਸਨੂੰ ਸਾਡੀ ਐਨੀ ਫ਼ਿਕਰ ਹੈ ਕਿ ਉਹ ਚਾਹੁੰਦਾ ਹੈ ਕਿ ਅਸੀਂ ਉਹਦੇ ਪਿਆਰੇ ਪੁੱਤਰ,ਆਪਣੇ ਮੁਕਤੀਦਾਤੇ ਯਿਸੂ ਮਸੀਹ ਵਰਗੇ ਬਣ ਜਾਈਏ।

## ਸੰਸਾਰ ਦੀ ਕੁਦਰਤ

ਇਕ ਹੋਰ ਸੱਚਾਈ ਜੋ ਖ਼ੁਦਾ ਦੀ ਯੋਜਨਾ ਵਿਚ ਤਕਲੀਫ਼ ਦੇ ਮਹੱਤਵ ਨੂੰ ਸਮਝਣ ਵਿਚ ਸਾਡੀ ਮਦਦ ਕਰ ਸਕਦਾ ਹੈ, ਖ਼ੁਦ ਸੰਸਾਰ ਦੀ ਕੁਦਰਤ ਵਿਚ ਹੈ। ਕੁਦਰਤੀ ਸੰਸਾਰ ਦੀ ਬੇਹੱਦ ਸਪੱਸ਼ਟ ਖ਼ੂਬੀਆਂ ਵਿੱਚੋਂ ਇਕ ਇਸਦੀ ਇਕਰੂਪਤਾ ਹੈ। ਵਿਗਿਆਨ ਆਪਣੇ ਵੱਖੋ-ਵੱਖ ਰੂਪਾਂ ਵਿਚ ਕੁਦਰਤੀ ਸੰਸਾਰ ਦੀ ਲਗਾਤਾਰਤਾ ਦੀ ਧਾਰਣਾ ਤੇ ਬਣਿਆ ਹੈ। ਇਕੋ ਜਿਹਾ ਵਿਹਾਰ ਕਰਨ ਦੇ ਪਦਾਰਥ ਦੇ ਝੁਕਾਅ ਨੂੰ ਕੁਦਰਤੀ ''ਨਿਅਮ'' ਆਖਿਆ ਜਾ ਸਕਦਾ ਹੈ। ਕੁਦਰਤ ਵਿਚ ਇਨ੍ਹਾਂ ''ਨਿਅਮਾਂ'' ਦੇ ਕੰਮ ਕਰਨ (ਜਾਂ ਸਿਧਾਤਾਂ ਦੀ ਇਕ ਰੂਪਤਾ) ਨਾਲ ਲੋਕ ਧਰਤੀ ਤੇ ਵਾਸ ਕਰਨ, ਇਸਨੂੰ ਆਪਣੇ ਵੱਸ ਵਿਚ ਕਰਨ ਅਤੇ ਆਪਣੀ ਭਲਾਈ ਲਈ ਇਹਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਦੇ ਯੋਗ ਹੁੰਦੇ ਹਨ। ਪਦਾਰਥ ਦੀ ਉਹੀ ਇਕਰੂਪਤਾ ਜੋ ਭਲੇ ਲੋਕਾਂ ਨੂੰ ਭਲੇ ਉਦੇਸ਼ਾਂ ਲਈ ਇਸ ਦੀ ਵਰਤੋਂ ਕਰਨ ਦਾ ਮੌਕਾ ਦਿੰਦੀ ਹੈ, ਉਹੀ ਦੁਸ਼ਟ ਲੋਕਾਂ ਨੂੰ ਬੁਰੇ ਉਦੇਸ਼ਾਂ ਲਈ ਪਦਾਰਥ ਦੀ ਵਰਤੋਂ ਕਰਨ ਦੇ ਯੋਗ ਬਣਾਉਂਦੀ ਹੈ, ਸਿੱਖਿਆ, ਸੱਭਿਅਤਾ ਅਤੇ ਬੰਦਗੀ ਲਈ ਭਵਨ ਬਣਾਉਣ ਲਈ ਵਰਤਿਆ ਜਾਣ ਵਾਲਾ ਲੋਹਾ ਹਥਿਆਰ ਬਣਾਉਣ ਦੇ ਮਕਸਦ ਲਈ ਵੀ ਵਰਤਿਆ ਜਾ ਸਕਦਾ ਹੈ ਜਿਸ ਨਾਲ ਲੋਕ ਜੰਗ ਕਰਦੇ ਹਨ, ਭਾਵੇਂ ਉਹ ਉਸ ਨਾਲ ਕੁਧਰਮ ਦੇ ਮਕਸਦ ਲਈ ਹੀ ਲੜਦੇ ਹੋਣ।

ਉਦਾਹਰਣ ਲਈ, ਅੱਗ ਦੀ ਜੇ ਸਹੀ ਵਰਤੋਂ ਕੀਤੀ ਜਾਵੇ ਤਾਂ ਮਨੁੱਖ ਲਈ ਸ਼ਾਨਦਾਰ ਹਥਿਆਰ ਹੈ।

ਇਹ ਅੱਗ ਘਰ ਨੂੰ ਗਰਮ ਰੱਖਦੀ ਹੈ, ਉਹਦਾ ਖਾਣਾ ਪਕਾਉਂਦੀ ਹੈ ਅਤੇ ਮਸ਼ੀਨਾਂ ਅਤੇ ਫ਼ੈਕਟਰੀਆਂ ਚਲਾਉਣ ਲਈ ਬਿਜਲੀ ਪੈਦਾ ਕਰਦੀ ਹੈ। ਪਰ ਉਹੀ ਅੱਗ ਜੋ ਕੁਝ ਦੂਰ ਤੋਂ ਸਰੀਰ ਨੂੰ ਆਰਾਮ ਦਿੰਦੀ ਹੈ, ਉਹ ਸਰੀਰ ਦੇ ਬਹੁਤ ਨੇੜੇ ਆਉਣ ਤੇ ਉਹਨੂੰ ਬਹੁਤ ਨੁਕਸਾਨ ਪਹੁੰਚਾ ਸਕਦੀ ਹੈ। ਜੋ ਅੱਗ ਖਾਣਾ ਬਣਾਉਣ ਲਈ ਲੱਕੜੀਆਂ ਬਾਲਦੀ ਹੈ, ਉਹੀ ਅੱਗ ਇਸਨੂੰ ਹੋਰ ਕੁਦਰਤੀ ਸ਼ਕਤੀਆਂ ਦੇ ਵੱਸ ਵਿਚ ਨਾ ਰੱਖੇ ਜਾਣ ਤੇ ਉਸ ਪਿੰਡ ਨੂੰ ਸਾੜ ਸਕਦੀ ਹੈ ਜਿੱਥੇ ਅਸੀਂ ਰਹਿੰਦੇ ਹਾਂ।

ਖ਼ੁਦਾ ਵੱਲੋਂ ਅੱਗ ਦੇ ਸੁਭਾਅ ਨੂੰ ਕਾਬੂ ਕਰਨ ਵਾਲੇ ਕੁਦਰਤੀ ਨਿਯਮਾਂ ਨੂੰ ਭੰਗ ਕਰਨ ਤੇ, ਜੇ ਕਦੇ ਕਿਸੇ ਇਨਸਾਨ ਜਾਂ ਉਹਦੀ ਜਾਇਦਾਦ ਨੂੰ ਖ਼ਤਰਾ ਹੋ ਜਾਵੇ ਤਾਂ ਕੀ ਹੋਵੇ? ਜੇ ਖ਼ੁਦਾ ਕਿਸੇ ਦੇ ਹਰ ਫ਼ੈਸਲੇ ਤੇ ਕਿ ਅੱਗ ਦੇ ਗੁਣ ਉਹਦੇ ਮਕਸਦਾਂ ਦੇ ਮੁਤਾਬਕ ਨਹੀਂ ਹਨ, ਹਰ ਵਾਰ ਦਖ਼ਲ ਦੇਵੇ? ਬਾਰ-ਬਾਰ ਦਖ਼ਲ ਦੇਣ ਨਾਲ ਕਿਸੇ ਨੂੰ ਪਤਾ ਨਹੀਂ ਲਗਦਾ ਕੁਦਰਤੀ ਸੰਸਾਰ ਕਿਸੇ ਖ਼ਾਸ ਘਟਨਾ ਵਿਚ ਆਮ ਵਿਹਾਰ ਕਰੇਗਾ ਜਾਂ ਨਹੀਂ। ਕਿੰਨੀ ਉੱਥਲ-ਪੁੱਥਲ ਹੋ ਜਾਵੇਗੀ ਇਸ ਗੜਬੜੀ ਨੂੰ ਸੰਸਾਰ ਦੀਆਂ ਸਭ ਕੁਦਰਤੀ ਸ਼ਕਤੀਆਂ ਨਾਲ ਗੁਣਾਂ ਕਰੋ। ਜੇ ਕੋਈ ਕੁਦਰਤੀ ਨਿਯਮ ਨਾ ਹੁੰਦਾ ਤਾਂ ਮਨਮਰਜ਼ੀ ਅਤੇ ਨੈਤਿਕ ਜ਼ਿੰਮੇਵਾਰੀ ਨਾ ਰਹਿੰਦੀ, ਗ਼ਲਤ ਕੰਮ ਹੁੰਦੇ ਹੀ ਨਹੀਂ। ਇਹ ਇਕ ਬਹੁਤ ਵੱਡੀ ਬਰਕਤ ਹੈ ਕਿ ਮਨੁੱਖ ਦੇ ਮਨ ਵਿਚ ਆਉਣ ਵਾਲੀ ਹਰ ਖ਼ਾਹਿਸ਼ ਪੂਰੀ ਕਰਨ ਲਈ ਖ਼ੁਦਾ ਆਪਣੇ ਸੰਸਾਰ ਦੇ ਕੁਦਰਤੀ ਕਾਰਜ ਵਿਚ ਦਖ਼ਲ ਨਹੀਂ ਦਿੰਦਾ।

ਇਸੇ ਤਰ੍ਹਾਂ, ਖ਼ੁਦਾ ਆਪਣੇ ਲੋਕਾਂ ਨੂੰ ਈਮਾਨਦਾਰ ਹੋਣ ਦੇ ਈਨਾਮ ਵੱਜੋਂ ਤਕਲੀਫ਼ ਤੋਂ ਬਚਾਅ ਕਰਨ ਦਾ ਵਾਅਦਾ ਨਹੀਂ ਕਰਦਾ। ਆਮ ਤੌਰ ਤੇ ਪੁੱਛਿਆ ਜਾਂਦਾ ਹੈ, ''ਬਦਕਾਰ ਲੋਕ ਫਲਦੇ ਫੁੱਲਦੇ ਹਨ। ਅਤੇ ਧਰਮੀਆਂ ਤੇ ਕਸ਼ਟ ਕਿਉਂ ਆਉਂਦੇ ਹਨ?'' ਬਹੁਤ ਪਹਿਲਾਂ ਜ਼ਬੂਰ 73 ਲਿਖਣ ਵਾਲਾ ਵੀ ਇਸੇ ਉਲਝਣ ਵਿਚ ਸੀ। ਨਵੇਂ ਨੇਮ ਵਿਚ, ਖ਼ੁਦਾ ਨੇ ਲੋਕਾਂ ਨਾਲ ਇਹ ਵਾਅਦਾ ਨਹੀਂ ਕੀਤਾ ਕਿ ਉਹ ਉਨ੍ਹਾ ਨੂੰ ਮਨੁੱਖ ਤੇ ਆਉਣ ਵਾਲੀਆਂ ਆਮ ਬੁਰਾਈਆਂ ਤੋਂ ਬਚਾਉਣ ਲਈ ''ਖ਼ੁਦਾਈ ਵਾੜ'' ਲਾ ਦੇਵੇਗਾ। ਖ਼ੁਦਾ ਨੇ ਮਸੀਹੀ ਲੋਕਾਂ ਨੂੰ ਕੰਸਰ ਜਾਂ ਕਿਸੇ ਹੋਰ ਮਾਰੂ ਬੀਮਾਰੀ ਤੋਂ ਸੁੱਰਖਿਅਤ ਰੱਖਣ ਦਾ ਵਾਅਦਾ ਨਹੀਂ ਕੀਤਾ ਹੈ। ਮੈਂ ਮਸੀਹੀ ਹਾਂ ਤਾਂ ਇਹਦਾ ਮਤਲਬ ਇਹ ਨਹੀਂ ਹੈ ਕਿ ਖ਼ੁਦਾ ਮੇਰੇ ਅਜ਼ੀਜ਼ਾਂ ਨੂੰ ਮੌਤ ਤੋਂ ਬਚਾ ਲਵੇਗਾ। ਮਸੀਹੀ ਹੋਣ ਨਾਲ ਮੈਨੂੰ ਸੜਕ ਤੇ ਐਕਸੀਡੈਂਟ ਤੋਂ ਸੁਰੱਖਿਅਤ ਹੋਣ ਦੀ ਗਾਰੰਟੀ ਵੀ ਨਹੀਂ ਮਿਲ ਜਾਂਦੀ। ਜੇ ਖ਼ੁਦਾ ਨੇ ਆਪਣੇ ਬੱਚਿਆਂ ਨਾਲ ਇਸ ਤਰ੍ਹਾਂ ਖ਼ਾਸ ਮਹਿਰ ਰੱਖਣ ਦਾ ਵਾਅਦਾ ਕੀਤਾ ਹੁੰਦਾ ਤਾਂ ਕੁਦਰਤੀ ਨਿਯਮਾਂ ਦੀ ਕਾਰਜ ਪ੍ਰਣਾਲੀ ਵਿਚ ਖ਼ੁਦਾ ਦੇ ਕਿਸੇ ਬੱਚੇ ਦੇ ਕਦੇ ਵੀ ਖ਼ਤਰੇ ਵਿਚ ਹੋਣ ਤੇ ਰੁਕਾਵਟ ਪੈ ਜਾਂਦੀ। ਉਹਦੇ ਪ੍ਰਤੀ ਪਿਆਰ ਅਤ। ਉਹਦੇ ਨਾਂਅ ਨੂੰ ਵਡਿਆਈ ਦੇਣ ਲਈ ਖ਼ੁਦਾ ਦੀ ਸੇਵਾ ਕਰਨ ਦੀ ਬਜਾਇ ਲੋਕ ਅਕਾਲ, ਕਸ਼ਟ ਅਤੇ ਮੌਤ ਦੀ ਬੀਮਾ ਯੋਜਨਾ (ਭਾਵ ਦੁਨੀਆਵੀ ਫ਼ਾਇਦੇ) ਲਈ ਉਹ ਦੀ ਸੇਵਾ ਕਰਨਗੇ। ਧਰਮ ਆਪਣੇ ਹਿੱਤ ਪੂਰੇ ਕਰਨ ਦਾ ਸਾਧਨ ਹੀ ਬਣ ਜਾਵੇਗਾ; ਸਾਫ਼ ਮਨ ਅਤੇ ਨਿਰਸੁਆਰਥ ਸੇਵਾ ਕਰਨ ਦਾ ਮੌਕਾ ਰਹੇਗਾ ਹੀ ਨਹੀਂ।

## ਦੂਜਿਆਂ ਨਾਲ ਜ਼ਿੰਦਗੀ

''ਸਾਡੇ ਵਿਚ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ, ਨਾ ਕੋਈ ਆਪਣੇ ਲਈ ਮਰਦਾ ਹੈ'' (ਰੋਮੀਆਂ 14:7)। ਇਸ ਵਾਕ ਵਿਚ ਕਸ਼ਟ ਦੀ ਮੁਸ਼ਕਿਲ ਵਿਚ ਇਕ ਹੋਰ ਸਮਝ ਮਿਲਦੀ ਹੈ। ਬਹੁਤਾ ਕਰਕੇ ਕਸ਼ਟ ਇਸੇ ਕਰਕੇ ਹੁੰਦਾ ਹੈ ਕਿਉਂਕਿ ਲੋਕ ਸਮੂਹਾਂ ਵਿਚ ਮਿਲਕੇ ਰਹਿੰਦੇ ਹਨ। ਇਸ ਕਰਕੇ ਇਕ ਨਾਲ ਹੋਣ ਵਾਲੀ ਘਟਨਾ ਦੂਜਿਆਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ।

ਵਿਚਾਰ ਕਰੋ ਕਿ ਭੀੜ ਭਰੇ ਹਾਈਵੇ ਦੇ ਨਾਲ-ਨਾਲ ਨਸ਼ੇ ਵਿਚ ਗੜੁੱਚ ਕੋਈ ਸ਼ਰਾਬ ਤੇਜ਼ ਰਫ਼ਤਾਰ ਨਾਲ ਮੋਟਰ ਚਲਾਵੇਗਾ ਤਾਂ ਕੀ ਹੋਵੇਗਾ ਬਹੁਤ ਸਾਰੇ ਲੋਕ ਉਸ ਸੜਕ ਤੇ ਜਾ ਰਹੇ ਹਨ ਜੋ ਨਿਯਮਾਂ ਦਾ ਪਾਲਣ ਕਰਦੇ ਹੋਏ ਦਿਮਾਗ਼ ਦੀ ਪੂਰੀ ਵਰਤੋਂ ਕਰ ਰਹੇ ਹਨ, ਕਿਉਂਕਿ ਉਹ ਨਸ਼ੇ ਵਿਚ ਨਹੀਂ ਹਨ। ਉਹ

ਸੜਕ ਤੇ ਚੱਲਣ ਦੇ ਨਿਯਮਾਂ ਦਾ ਪਾਲਣ ਕਰਦਿਆਂ ਆਪਣੀ ਸਾਈਡ ਤੇ ਗੱਡੀ ਚਲਾ ਰਹੇ ਹਨ।। ਪਰ ਜੇ ਸ਼ਰਾਬੀ ਡਰਾਈਵਰ ਗਲਤ ਸਾਈਡ ਤੇ ਲਿਆ ਕੇ ਸਿੱਧਾ ਇਕ ਕਾਰ ਦੇ ਅਗਿਉਂ ਦੇ ਲੰਘੇ ਤਾਂ ਉਸ ਸ਼ਰਾਬੀ ਦੀ ਅਪਰਾਧਿਕ ਲਾਪਰਵਾਹੀ ਨਾਲ ਕਿਸੇ ਪਰਿਵਾਰ ਦੇ ਜੀਆਂ ਦੀ ਮੌਤ ਹੋ ਜਾਂਦੀ ਹੈ ਜਾਂ ਉਨ੍ਹਾਂ ਸੱਟਾਂ ਲੱਗ ਜਾਂਦੀਆਂ ਹਨ।

ਲੋਕਾਂ ਦੇ ਐਨੀ ਵੱਲੀ ਗਿਣਤੀ ਵਿਚ ਇਕ ਦੂਜੇ ਦੇ ਐਨਾ ਨੇੜੇ ਰਹਿਣ ਕਰਕੇ ਕਿਸੇ ਆਦਮੀ ਦੀਆਂ ਗਲਤੀਆਂ ਕਾਰਨ ਦੂਜੇ ਆਸਾਨੀ ਨਾਲ ਪ੍ਰਭਾਵਿਤ ਹੋ ਸਕਦੇ ਹਨ। ਤੁਸੀਂ ਕਹਿ ਸਕਦੇ ਹੋ, ''ਦੂਜਿਆਂ ਦੀਆਂ ਗਲਤੀਆਂ ਦੇ ਨਤੀਜਿਆਂ ਵਿਚ ਮੈਨੂੰ ਕਿਉਂ ਘਸੀਟਿਆਂ ਜਾ ਰਿਹਾ ਹੈ? ਮੈਂ ਉਨ੍ਹਾਂ ਗਲਤੀਆਂ ਲਈ ਕਸ਼ਟ ਕਿਉਂ ਝੱਲਾਂ?'' ਮੰਨ ਲਓ ਕਿ ਤੁਸੀਂ ਕਿਸੇ ਉਜਾੜ ਥਾਂ ਤੇ ਜਾ ਸਕਦੇ ਹੋ ਜਿੱਥੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਕੋਈ ਬੀਮਾਰੀ ਤੁਹਾਨੂੰ ਪ੍ਰਭਾਵਤ ਨਾ ਕਰ ਸਕੇ। ਇਹ ਦੇ ਨਾਲ ਤੁਹਾਨੂੰ ਉਨ੍ਹਾਂ ਬਰਕਤਾਂ ਅਤੇ ਮੌਕਿਆਂ ਤੋਂ ਹੱਥ ਧੋਣਾ ਪਵੇਗਾ ਜੋ ਦੂਜਿਆਂ ਦੇ ਯੋਗਦਾਨ ਨਾਲ ਮਿਲਦੇ ਹਨ। ਸਾਡੇ ਸਭ ਤੋਂ ਚੰਗੇ ਅਨੁਭਵਾਂ ਵਿਚ ਦੂਜਿਆਂ ਨਾਲ ਸੰਗਠਨ ਦੀ ਗੱਲ ਹੈ। ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਲਈ ਵੀ ਅਸੀਂ ਇਕ ਦੂਜੇ ਤੇ ਨਿਰਭਰ ਰਹਿੰਦੇ ਹਾਂ। ਬਿਨਾਂ ਆਪਸੀ ਸੰਬੰਧਾਂ ਦੇ ਸਾਡੀਆਂ ਜ਼ਿੰਦਗੀਆਂ ਕਿੰਨੀ ਰੁੱਖੀਆਂ ਹੋਣਗੀਆਂ! ਅਸੀਂ ਇਕਠੇ ਰਹਿਣ ਵਿਚ ਹੋਣ ਵਾਲੇ ਜੋਖ਼ਿਮਾਂ ਤੋਂ ਇਨਕਾਰ ਕਰਕੇ ਸੰਗਠਿਤ ਜੀਵਨ ਦੀਆਂ ਬਰਕਤਾਂ ਅਤੇ ਮੌਕਿਆਂ ਨੂੰ ਕਬੂਲ ਨਹੀਂ ਕਰ ਸਕਦੇ।

## ਚਰਿੱਤਰ ਤੇ ਕਸ਼ਟ ਦਾ ਅਸਰ

ਕਸ਼ਟ ਦੇ ਅਰਥ ਵਿਚ ਇਕ ਹੋਰ ਸਮਝ ਇਹ ਤੱਥ ਹੈ ਕਿ ਤਕਲੀਫ਼ ਇਲਾਜ ਲਈ ਵੀ ਹੋ ਸਕਦੀ ਹੈ ਭਾਵ ਤਕਲੀਫ਼ ਇਸ ਦੇ ਉਠਾਉਣ ਵਾਲੇ ਨੂੰ ਹੋਰ ਚੰਗਾ ਆਦਮੀ ਬਣਾ ਸਕਦੀ ਹੈ। ਪਾਪ ਸਾਰੇ ਕਸ਼ਟ ਦੀ ਵਿਆਖਿਆ ਨਹੀਂ ਹੈ ਪਰ ਜ਼ਿਆਦਾਤਰ ਇਹ ਬੁਰਾਈ ਦੇ ਕਾਰਣ ਹੀ ਆਉਂਦਾ ਹੈ।

ਮਨੁੱਖ ਨੇ ਆਪਣੇ ਆਪ ਨੂੰ ਇਹ ਸੋਚ ਕੇ ਧੋਖਾ ਦਿੱਤਾ ਕਿ ਉਹ ਭਲਾ ਹੈ ਅਤੇ ਉਹਨੂੰ ਕਿਸੇ ਦੀ ਲੋੜ ਨਹੀਂ ਹੈ; ਪਰ ਉਸਨੂੰ ਇਹ ਅਹਿਸਾਸ ਨਹੀਂ ਹੈ ਕਿ ਉਹ ਕੰਗਾਲ, ਮੰਦਭਾਗਾ, ਨੰਗਾ ਅਤੇ ਰੂਹਾਨੀ ਤੌਰ ਤੇ ਅੰਨ੍ਹਾ ਹੈ। ਪਵਿੱਤਰ ਪਰਮੇਸ਼ੁਰ ਦੇ ਸਾਹਮਣੇ ਜੋ ਬੁਰਾਈ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਮਨੁੱਖ ਬੁਰਾ, ਢੀਠ ਅਤੇ ਘੁਮੰਡ ਨਾਲ ਫੁੱਲਿਆ ਪਿਆ ਹੈ। ਇਕ ਬਾਗ਼ੀ ਬੱਚੇ ਵਾਂਗ ਖ਼ੁਦਾ ਦੇ ਸਾਹਮਣੇ ਸਮਰਪਣ ਕਰਨ ਅਤੇ ਉਹਦੇ ਮਕਸਦਾਂ ਦੇ ਯੋਗ ਬਣਨ ਲਈ ਪਾਪੀ ਦਾ ''ਟੁੱਟਿਆ'' ਦਿਲ ਲਿਆਉਣਾ ਜ਼ਰੂਰੀ ਹੈ। ਜਦ ਤਕ ਕਿਸੇ ਦੀ ਜ਼ਿੰਦਗੀ ਠੀਕ-ਠਾਕ ਚਲਦੀ ਹੈ। ਉਹਨੂੰ ਆਪਣੀ ਗਲਤੀ ਅਤੇ ਪਾਪ ਨੂੰ ਛੱਲਣ ਦਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ; ਇਹ ਪਾਪ ਦਾ ਇਕ ਧੋਖਾ ਹੈ। ਆਮ ਤੌਰ ਤੇ ਜਦ ਤਕ ਆਦਮੀ ਮੁਸ਼ਕਲ ਵਿਚ ਨਹੀਂ ਪੈਂਦਾ ਤਦ ਤਕ ਉਹਨੂੰ ਆਪਣੀ ਕਮੀ ਦਾ ਅਹਿਸਾਸ ਨਹੀਂ ਹੁੰਦਾ। ਸਿਰਫ਼ ਉਦੋਂ ਹੀ ਉਹਨੂੰ ਆਪਣੇ ਆਪਸ ਵਿਚ ਸੰਤੁਸ਼ਟ ਹੋਣ ਦੀ ਗੱਲ ਤੋਂ ਘਬਰਾਹਟ ਹੁੰਦੀ ਹੈ ਅਤੇ ਆਪਣੀ ਅਸਲੀ ਰੂਹਾਨੀ ਗ਼ਲਤ ਪਤਾ ਲਗਦੀ ਹੈ। ਇਸ ਅਰਥ ਵਿਚ, ਤੰਗਹਾਲੀ ਉਸਨੂੰ ਨੀਂਦ ਤੋਂ ਜਗਾਉਣ ਦਾ ਕੰਮ ਕਰ ਸਕਦੀ ਹੈ, ਜੋ ਨਾਸਮਝੀ ਨਾਲ ਪਾਪ ਵਿਚ ਜ਼ਿੰਦਗੀ ਬਿਤਾ ਰਿਹਾ ਸੀ, ਤਾਂ ਜੋ ਉਹਨੂੰ ਆਪਣੇ ਗੁਆਚੇ ਹੋਣ ਅਤੇ ਆਪਣੇ ਲਈ ਖ਼ੁਦਾ ਦੀ ਲੋੜ ਦਾ ਪਤਾ ਲਗ ਸਕੇ।

ਤੁਸੀਂ ਕਿਸੇ ਅਜਿਹੇ ਆਕਮੀ ਨੂੰ ਜਾਣਦੇ ਹੋਵੋਗੇ। ਜੋ ਤਦ ਤਕ ਖ਼ੁਦਾ ਵੱਲ ਮੁੜਨ ਅਤੇ ਉਹਦੀ ਮਰਜ਼ੀ ਪੂਰੀ ਕਰਨ ਤੋਂ ਇਨਕਾਰ ਕਰਦਾ ਰਿਹਾ, ਜਦ ਤਕ ਉਹਦੇ ਤੇ ਕੋਈ ਦੁੱਖ ਨਾ ਆਇਆ। ਦਿਮਾਗ਼ੀ ਤੌਰ ਤੇ ਉਹਨੂੰ ਬਹੁਤ ਪਹਿਲੇ ਪਤਾ ਸੀ ਉਸ ਨੂੰ ਇਜੀਲ ਦੀ ਗੱਲ ਮੰਨ ਲੈਣੀ ਚਾਹੀਦੀ ਹੈ। ਕੋਈ ਵੀ ਇਹ ਦਾਅਵਾ ਨਹੀਂ ਕਰੇਗਾ ਕਿ ਦੁੱਖ ਆਪਣੇ ਆਪ ਵਿਚ ਚੰਗਾ ਹੈ, ਪਰ ਦੁੱਖ ਦੇ ਸਮੇਂ ਜੋ ਗੱਲ ਚੰਗੀ ਲੱਗਦੀ ਹੈ ਉਹ ਇਹ ਗੱਲ ਹੈ ਉਹ ਇਹ ਹੈ ਕਿ ਇਸ ਦੌਰਾਨ ਕੋਈ ਅਜਿਹਾ ਮੌਕਾਂ ਮਿਲ

ਜਾਂਦਾ ਹੈ ਜਿਸ ਨਾਲ ਆਦਮੀ ਖ਼ੁਦਾ ਦੀ ਮਰਜ਼ੀ ਅੱਗੇ ਸਮਰਪਣ ਕਰ ਦਿੰਦਾ ਹੈ। ਦੁੱਖ ਆਦਮੀ ਤੋਂ ਇਹ ਮਨਵਾ ਸਕਦਾ ਹੈ ਕਿ ਉਹਦੇ ਤਰੀਕੇ ਕਿੰਨੇ ਗ਼ਲਤ ਹਨ ਅਤੇ ਛੁਟਕਾਰੇ ਲਈ ਉਹ ਨੂੰ ਖ਼ੁਦਾ ਦੀ ਕਿਰਪਾ ਦੀ ਕਿੰਨੀ ਲੋੜ ਹੈ।

ਦੁੱਖ ਵਿਚ ਦੁੱਖੀ ਆਦਮੀ ਦੇ ਚਰਿੱਤਰ ਅਤੇ ਮਨ ਨੂੰ ਖ਼ੂਬਸੂਰਤ ਅਤੇ ਭਲਾ ਬਨਾਉਣ ਦੀ ਸ਼ਕਤੀ ਹੈ: ''ਸਾਰੀ ਤਾੜਨਾ ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ, ਪਰ ਮਗਰੋਂ ਉਹ ਉਨ੍ਹਾਂ ਨੂੰ ਜਿਹੜੇ ਉਹ ਦੇ ਨਾਲ ਧਿਾਏ ਗਏ ਹਨ ਧਕਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ'' (ਇਬਰਾਨੀਆਂ 12:11; RSV)। ਮੁਸ਼ਕਿਲਾਂ ਤੋਂ ਸਾਨੂੰ ਖ਼ੁਦਾ ਦੀ ਸ਼ਕਤੀ ਅਤੇ ਸਮਰੱਥਾ ਵਿਚ ਨਵੇਂ ਵਸੀਲਿਆਂ ਦਾ ਪਤਾ ਲਗਦਾ ਹੈ, ਹੋ ਸਕਦਾ ਹੈ ਕਿ ਜ਼ਿੰਦਗੀ ਸਾਡੇ ਲਈ ਬੜੀ ਅਰਾਮਦਾਇਕ ਰਹੀ ਹੋਵੇ। ਆਪਣੀ ਅਹਿਮੀਅਤ ਦੀ ਹੀ ਭਾਵਨਾ ਨਾਲ ਭਰੇ ਅਸੀਂ ਜਦ ਤਕ ਆਪਣੀ ਮਨਮਰਜ਼ੀ ਨਾਲ ਚਲਦੇ ਗਏ ਤਦ ਤਕ ਸਾਨੂੰ ਕਿਸੇ ਮਾੜੇ ਤਜਰਬੇ ਤੋਂ ਇਹ ਪਤਾ ਨਹੀਂ ਲੱਗਾ ਕਿ ਨਿਰਾਸ਼ਾ ਕਰਕੇ ਅਸੀਂ ਕਿੰਨੇ ਕਮਜ਼ੋਰ ਹਾਂ। ਅਜਿਹੇ ਤਜਰਬੇ ਨਾਲ ਅਰਥ ਭਰੀ ਜ਼ਿੰਦਗੀ ਜੀਣ ਦੀ ਯੋਗਤਾ ਆਉਂਦੀ ਹੈ। ਕਸ਼ਟ, ਆਫ਼ਤ, ਕਲੇਸ਼ ਜਾਂ ਦੁੱਖ ਨਾ ਹੁੰਦਾ ਤਾਂ ਸਾਨੂੰ ਹਿੰਮਤ ਰੱਖਣ, ਧੀਰਜ ਰੱਖਣ, ਆਪਣਾ ਇਨਕਾਰ ਕਰਨ ਅਤੇ ਦਿਆ ਕਰਨ ਦੀ ਚੁਣੌਤੀ ਨਾ ਮਿਲਦੀ; ਕਿਉਂਕਿ ਸੁਭਾਅ ਦੀਆਂ ਇਹ ਖ਼ੂਬੀਆਂ ਦੁੱਖ ਦੇ ਮਾਹੌਲ ਵਿਚ ਸਭ ਤੋਂ ਵੱਧ ਵਧਦੀਆਂ ਹਨ। ਜੇ ਤੁਸੀਂ ਕਹੋ ਕਿ ''ਕਿਉਂ?'' ਤਾਂ ਮੈਂ ਇਸ ਤੋਂ ਅੱਗੇ ਜਵਾਬ ਨਹੀਂ ਦੇ ਸਕਦਾ। ਮੈਂ ਸਿਰਫ਼ ਇਹੀ ਕਹਿ ਸਕਦਾ ਹਾਂ ਖ਼ੁਦਾ ਨੇ ਸੰਸਾਰ ਨੂੰ ਇਵੇਂ ਹੀ ਬਣਾਇਆ ਹੈ, ਅਤੇਹਨੂੰ ਬਹੁਤਾ ਪਤਾ ਹੈ।

## ਮਸੀਹ ਦੀ ਮਿਸਾਲ

ਪਾਪ ਤੋਂ ਛੁਟਕਾਰੇ ਲਈ ਕਸ਼ਟ ਜ਼ਰੂਰੀ ਸੀ, ਕਿਉਂਕਿ ਬਿਨਾਂ ਸਲੀਬ ਦੇ ਮਾਫ਼ੀ ਹੋ ਹੀ ਨਹੀਂ ਸਕਦੀ ਸੀ। ਮਸੀਹ ਨੇ ਸ਼ਾਂਤੀ ਭਰੇ ਢੰਗ ਨਾਲ ਅਤੇ ਬੜੀ ਹੀ ਹਿਮੰਤ ਨਾਲ ਬੁਰਾਈ ਤੇ ਜਿੱਤ ਪਾਉਣ ਦੀ ਗੱਲ ਜਾਣ ਕੇ ਜ਼ਲਾਲਤ ਅਤੇ ਸ਼ਰਮ ਨੂੰ ਸਹਿਣ ਦੀ ਬਹੁਤ ਹੀ ਸ਼ਾਨਦਾਰ ਮਿਸਾਲ ਦਿੱਤੀ ਹੈ! ''ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ'' (2 ਕੁਰਿੰਥੀਆਂ 5:19)। ਖ਼ੁਦਾ ਆਪਣੇ ਪਿਆਰੇ ਪੁੱਤਰ ਭਾਵ ਦੇਹਧਾਰੀ ਹੋਏ ਪਰਮੇਸ਼ੁਰ ਪੁੱਤਰ ਦੇ ਕਸ਼ਟ ਦੇ ਬਗ਼ੈਰ, ਸਾਨੂੰ ਇਹ ਨਹੀਂ ਆਖ ਸਕਦਾ ਸੀ ਕਿ ''ਮੈਂ ਤੈਨੂੰ ਮਾਫ਼ ਕਰਦਾ ਹਾਂ।'' ਮੌਮ ਅਤੇ ਬੁਰਾਈ ਦੀਆਂ ਸ਼ਕਤੀਆਂ ਤੇ ਜਿੱਤ ਪਾ ਕੇ ਅਤੇ ਅਖ਼ੀਰ ਫਿਰ ਛੁਡਾਏ ਹੋਇਆਂ ਦੇ ਜਿੱਤ ਯਕੀਨੀ ਬਣਾ ਕੇ ਜੀ ਉਠਣ ਦੇ ਰਾਹੀਂ ਪੁੱਤਰ ਨੇ ਕਿੰਨੀ ਵੱਡੀ ਜਿੱਤ ਪਾਈ ਹੈ! ਇਹ ਅਹਿਸਾਸ ਹੋਣ ਤੇ ਕਿ ਸਲੀਬ ਦਿੱਤਾ ਜਾਣ ਵਾਲਾ ਉਹੀ ਹੈ ਜਿਸਨੇ ਆਖਿਆ ਸੀ, ''ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ'' (ਯੂਹੰਨਾ 14:9), ਸਾਨੂੰ ਪਤਾ ਲਗਦਾ ਹੈ ਕਿ ਮਨੁੱਖ ਦੀ ਆਤਮਾ ਦਾ ਕਸ਼ਟ ਜਾਂ ਪੀੜ ਉਹਦੇ ਗਿਆਨ ਜਾਂ ਸਮਝ ਤੋਂ ਕਿਤੇ ਬਾਹਰ ਹੈ। ਪੌਲੁਸ ਰਸੂਲ ਨੇ ਮਸੀਹ ਦੇ ਦੁੱਖ ਵਿਚ ਸਾਡੇ ਲਈ ਇਹ ਸੰਦੇਸ਼ ਪਾਇਆ ਸੀ:

> ''ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ ਤੁਸੀਂ ਸੁਭ ਕਰਮਾਂ ਦੇ ਕਾਰਨ ਦੁਖ ਝੱਲ ਕੇ ਧੀਰਜ ਕਰੋ ਤਾਂ ਇਹ ਪਰਮੇਸ਼ੁਰ ਨੂੰ ਪਰਵਾਨ ਹੈ ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁਖ ਝੱਲ ਕੇ ਇਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵੱਲ ਛਲ ਦੀ ਗੱਲ ਨਿੱਕਲੀ। ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ

ਹੱਥ ਸੌਂਪਦਾ ਸੀ ਜਿਹੜਾ ਪਥਾਰਉ ਨਿਆਉਂ ਕਰਦਾ ਹੈ'' (1 ਪਤਰਸ 2:20-23)।

ਯਿਸੂ ਦੀਆਂ ਪੈੜਾਂ ਤੇ ਚੱਲ ਕੇ ਕਸ਼ਟ ਤੋਂ ਬਚਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਖ਼ੁਦਾ ਅਤੇ ਉਸਦੇ ਪੁੱਤਰ ਨੇ ਮੈਨੂੰ ਮੇਰੇ ਪਾਪਾਂ ਤੋਂ ਛੁਡਾਉਣ ਲਈ ਬਹੁਤ ਤਕਲੀਫ਼ ਝੱਲੀ ਹੈ। ਜੇ ਖ਼ੁਦਾ ਸਲੀਬ ਦੀ ਸ਼ਰਮ ਨੂੰ ਜਲਾਲ ਅਤੇ ਫ਼ਤਿਹ ਵਿਚ ਬਦਲ ਸਕਦਾ ਹੈ ਤਾਂ ਉਹ ਕਸ਼ਟ ਅਤੇ ਆਫ਼ਤ ਦੀਆਂ ਸਲੀਬਾਂ ਨੂੰ ਜਲਾਲ ਅਤੇ ਖ਼ੂਬਸੂਰਤੀ ਦੇ ਤਾਜਾਂ ਵਿਚ ਬਦਲਣ ਵਿਚ ਵੀ ਮੇਰੀ ਮਦਦ ਕਰ ਸਕਦਾ ਹੈ।

## ਜਵਾਬ ਦਾ ਇਕ ਹੋਰ ਹਿੱਸਾ ਸੁਰਗ

ਇਨਸਾਨ ਦੇ ਕਸ਼ਟ ਦੇ ਸੰਬੰਧ ਇਕ ਹੋਰ ਅਹਿਮ ਸ਼ਬਦ ਹੈ, ''ਸੁਰਗ'' ''ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ'' (2 ਕੁਰਿੰਥੀਆਂ 4:17)। ਧਰਤੀ ਤੇ ਮਨੁੱਖੀ ਕਸ਼ਟ ਦੀ ਸਖ਼ਤ ਮਿਹਨਤ ਅਤੇ ਹੰਝੂਆਂ ਭਰੀ ਇਸ ਜ਼ਿੰਦਗੀ ਤੋਂ ਅੱਗੇ ਨਿਰੋਲ ਆਨੰਦ ਦਾ ਰਾਜ ਹੈ। ਉੱਥੇ ਸਾਡੀਆਂ ਅੱਖਾਂ ਵਿੱਚੋਂ ਹਰ ਅੱਥਰੂ ਪੂੰਝ ਦਿੱਤਾ ਜਾਵੇਗਾ ਅਤੇ ਹਰ ਤਕਲੀਫ਼ ਆਨੰਦ ਵਿਚ ਬਦਲ ਜਾਵੇਗਾ।

ਯਿਸੂ ਨੇ ਸਲੀਬ ਦਾ ਬੋਝ ਚੁੱਕਿਆ ਤਾਂ ਜੋ ਮੈਨੂੰ ਮੇਰਾ ਘਰ ਮਿਲ ਜਾਵੇ। ਰਸੂਲਾਂ ਅਤੇ ਸ਼ਹੀਦਾਂ ਨੇ ਜੇਲ੍ਹਾਂ ਅਤੇ ਸਤਾਅ ਝੱਲੇ ਤਾਂ ਜੋ ਸਾਡੇ ਲਈ ਹਮੇਸ਼ਾ ਦੀ ਜ਼ਿੰਦਗੀ ਦੀ ਖੁਸ਼ਖਬਰੀ ਸ਼ਭਾਲੀ ਰਹੇ। ਜਦ ਮੈਂ ਆਪਣੀਆਂ ਅੱਖਾਂ ਉਸ ਨਗਰ ਵੱਲ ਲਾ ਕੇ ਜਿਸਦਾ ਕਾਰੀਗਰ ਅਤੇ ਬਨਾਉਣ ਵਾਲਾ ਖ਼ੁਦਾ ਹੈ, ਘਰ ਨੂੰ ਜਾਂਦਾ ਹਾਂ ਤਾਂ ਮੈਨੂੰ ਮੇਰਾ ਬੋਝ ਹਲਕਾ ਹੁੰਦਾ ਲਗਦਾ ਹੈ। ਮੈਂ ਇਸ ਜ਼ਿੰਦਗੀ ਦੀਆਂ ਨਿਰਾਸ਼ਾ ਅਤੇ ਸੰਘਰਸ਼ਾਂ ਤੋਂ ਅੱਗੇ ਵੇਖ ਸਕਦਾ ਹਾਂ ਅਤੇ ਜਾਣਦਾ ਹਾਂ ਕਿ ''ਸਭ ਤੋਂ ਚੰਗਾ ਤਾਂ ਅਜੇ ਆਉਣ ਵਾਲਾ ਹੈ।''

---

ਟਿੱਪਣੀਆਂ

[1]ਮੇਰੀ ਬੇਕਰ ਐਡੀ (1821-1910) ਅਮਰੀਕਾ ਵਿਚ ''ਮਾਨਸਿਕ ਚੰਗਾਈ'' ਦੀ ਲਹਿਰ ਦਾ ਇਕ ਭਾਗ ਸੀ ਅਤੇ ਅਖ਼ੀਰ ਉਸਨੇ ਕ੍ਰਿਸ਼ਚਿਅਨ ਸਾਇੰਟਿਜ਼ਮ ਦੀ ਸਥਾਪਨਾ ਕੀਤੀ। ਆਪਣੇ ਵਿਚਾਰ ਉਸਨੇ ਸਪਿਰਿਚੁਅਲ ਹੀਲਿੰਗ ਵਿ ਪ੍ਰਦਾਸ਼ਿਤ ਕੀਤੇ ਅਤੇ 1908 ਵਿਚ *ਕ੍ਰਿਸ਼ਚਿਅਨ ਸਾਇੰਸ ਮੋਨਿਸਟਰ* ਅਖ਼ਬਾਰ ਸ਼ੁਰੂ ਕੀਤਾ।

ਇਹ ਪਾਠ *ਅਬਿਲੇਨ ਕ੍ਰਿਸਚਿਅਨ ਕਾਲਜ ਲੈਕਚਰਜ਼,* 1958 ਤੋਂ ਲਿਆ ਗਿਆ ਹੈ। ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ ਲੈਕਚਰਸ਼ਿਪ ਡਾਇਰੈਕਟਰ ਤੋਂ ਇਜਾਜ਼ਤ ਲੈ ਕੇ ਛਾਪਿਆ ਗਿਆ।